
People's Herald

People's Herald

Rs- 160/month



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

ਪਟਿਆਲਾ

"Equality and Justice"

स्वतंत्रता, समानता, भाईचारा

PATIALA — On line paper — 14 ਨਵੰਬਰ 2025 ਸ਼ੁੱਕਰਵਾਰ "ਰੋਜ਼ਾਨਾ" ਚੌਥਾ ਸਾਲ — w.e.f. 15 August 2022 — ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

# ਤੁਸੀ ਆਮ ਨਾਗਰਿਕ ਹੋ, ਤਾਂ ਹਜਾਰਾਂ ਧੱਕੇ ਝਲਦੇ ਰਹੋ, ਕੋਈ ਸਣਵਾਈ ਨਹੀ! ਪਰ ਜੇ ਤੁਹਾਡਾ ਕੋਈ ਰੁਤਬਾ ਹੈ ਤਾਂ ਇਨਸਾਫ ਦੀ ਉਮੀਦ ਹੋ ਸਕਦੀ ਹੈ!

## ਜਨਰਲ ਹੁੱਡਾ ਨੇ ਵੀਆਈਪੀ ਕਾਫਲੇ ਦੀ ਗੱਡੀ 'ਤੇ ਜਾਣ ਕੇ ਟੱਕਰ ਮਾਰਨ ਦਾ ਲਾਇਆ ਆਰੋਪ, ਡੀਜੀਪੀ ਗੌਰਵ ਯਾਦਵ ਨੇ ਕਾਰਵਾਈ ਦਾ ਦਿੱਤਾ ਭਰੋਸਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਨਵੰਬਰ
INTERNATIONAL PAPER, 94636 01616
hardipchumber57@gmail.com

ਇਹ ਖਬਰ ਜ਼ੀਰਕਪੁਰ ਦੀ ਹੈ, ਮੋਹਾਲੀ ਦੇ ਜ਼ੀਰਕਪੁਰ ਫਲਾਈਓਵਰ 'ਤੇ ਸੇਵਾਮੁਕਤ ਲੈਫਟੀਨੈਂਟ ਜਨਰਲ ਡੀ.ਐਸ. ਹੁੱਡਾ ਦੀ ਕਾਰ ਨੂੰ ਵੀ.ਆਈ.ਪੀ ਕਾਫਲੇ ਵਿੱਚ ਸ਼ਾਮਲ ਪੰਜਾਬ ਪੁਲਿਸ ਦੀ ਗੱਡੀ ਨੇ ਟੱਕਰ ਮਾਰ ਦਿੱਤੀ। ਜਦਕਿ ਹੁੱਡਾ ਨੇ ਆਰੋਪ ਲਗਾਇਆ ਕਿ ਇਹ ਟੱਕਰ ਜਾਣਬੁੱਝ ਕੇ ਮਾਰੀ ਗਈ ਸੀ। ਜਨਰਲ ਹੁੱਡਾ ਨੇ ਦੱਸਿਆ ਕਿ ਉਹ ਤੇ ਉਨ੍ਹਾਂ ਦੀ ਪਤਨੀ ਹਾਦਸੇ ਵਿੱਚ ਵਾਲ-ਵਾਲ ਬਚ ਗਏ, ਪਰ ਉਨ੍ਹਾਂ ਦੀ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਡੀਜੀਪੀ ਗੌਰਵ ਯਾਦਵ ਨੂੰ ਟੈਗ ਕੀਤਾ ਅਤੇ ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਦੀ ਮੰਗ ਕੀਤੀ। ਜਦਕਿ ਜ਼ੀਰਕਪੁਰ ਦੀ ਏ.ਐਸ.ਪੀ ਗਜ਼ਲਪ੍ਰੀਤ ਕੌਰ ਨੇ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਨਹੀਂ ਹੈ। ਜੇਕਰ ਕੋਈ ਸ਼ਿਕਾਇਤ ਮਿਲਦੀ ਹੈ ਤਾਂ ਉਨ੍ਹਾਂ ਵੱਲੋਂ ਤੁਰੰਤ ਕਾਰਵਾਈ ਕੀਤੀ ਜਾਵੇਗੀ।



ਜ਼ੀਰਕਪੁਰ : ਸਰਕਾਰ ਕਿਸੇ ਵੀ ਪਾਰਟੀ ਦੀ ਹੋਵੇ, ਆਮ ਆਦਮੀ ਨਾਲ ਹਮੇਸ਼ਾ ਧੱਕਾ ਹੁੰਦਾ ਰਹਿੰਦਾ ਹੈ, ਉਸ ਨੂੰ ਬਹੁਤਾ ਕਰਕੇ ਇਨਸਾਫ ਦੀ ਉਮੀਦ ਨਹੀਂ ਹੁੰਦੀ, ਉਹ ਸਬਰ ਕਰਕੇ ਹੀ ਘਰ ਬੈਠ ਜਾਂਦਾ ਹੈ। ਭਾਰਤ ਵਿੱਚ ਇਨਸਾਫ ਦੀ ਦੇਵੀ ਦੇ ਅੱਖਾਂ ਉੱਤੇ ਪੱਟੀ ਨਹੀ, ਉਹ ਕਿਸੇ ਦੀ ਸਮਾਜਿਕ, ਰਾਜਨੀਤਿਕ, ਆਰਥਿਕ ਜਾਂ ਸਰਕਾਰੀ ਰੁਤਬਾ, ਜਾਤੀ, ਧਰਮ, ਜਾ ਹੋਰ ਨੇੜਤਾ ਦੇਖ ਕੇ ਹੀ ਇਨਸਾਫ ਦਿੰਦੀ ਹੈ। ਜਰਨਲ ਨਾਲ ਧੱਕਾ ਹੋਇਆ ਤਾਂ ਡੀਜੀਪੀ ਨੇ ਇਨਸਾਫ ਦੇਣ ਦੀ ਹਾਮੀ ਭਰੀ। ਆਮ ਬੰਦਾ ਤਾਂ ਉਸ ਤੱਕ ਪਹੁੰਚ ਹੀ ਨਹੀਂ ਕਰ ਸਕਦਾ, ਤਾਕਤਵਰ ਲੋਕਾਂ ਨੂੰ ਇਨਸਾਫ ਮਿਲ ਜਾਂਦਾ ਹੈ, ਇਸ ਲਈ ਲਗਦਾ ਹੈ, ਸਿਸਟਮ ਨੂੰ ਸੁਧਾਰਨ ਦੀ ਉਹ, ਓਨੀ ਕਦੀ ਵੀ ਕੋਸ਼ਿਸ਼ ਨਹੀਂ ਕਰਦੇ, ਜਿੰਨੀ ਕਰਨੀ ਬਣਦੀ ਹੈ- ਹਰਦੀਪ ਚੁੰਬਰ

ਜਨਰਲ ਹੁੱਡਾ ਨੇ ਆਪਣੀ ਪੋਸਟ ਵਿੱਚ ਲਿਖਿਆ ਕਿ ਸ਼ਾਮ 4 ਵਜੇ ਉਹ ਆਪਣੀ ਪਤਨੀ ਨਾਲ ਜ਼ੀਰਕਪੁਰ ਫਲਾਈਓਵਰ 'ਤੇ ਗੱਡੀ ਚਲਾ ਰਿਹਾ ਸੀ। ਅੰਬਾਲਾ ਵੱਲ ਜਾ ਰਹੇ ਵੀ.ਆਈ.ਪੀ. ਕਾਫਲੇ ਨੂੰ ਏਸਕੌਰਟ ਕਰ ਰਹੀਆਂ ਦੋ ਪੰਜਾਬ ਪੁਲਿਸ ਦੀਆਂ ਗੱਡੀਆਂ ਪਿੱਛੇ ਤੋਂ ਆਈਆਂ। ਹੁੱਡਾ ਨੇ ਦੱਸਿਆ ਕਿ ਉਨ੍ਹਾਂ ਨੇ ਪਹਿਲੀ ਗੱਡੀ ਨੂੰ ਲੰਘਾਉਣ ਲਈ ਆਪਣੀ ਗੱਡੀ ਹੌਲੀ ਕਰ ਦਿੱਤੀ। ਜਦਕਿ ਜ਼ਿਆਦਾ ਆਵਾਜਾਈ ਕਾਰਨ ਵੀ.ਆਈ.ਪੀ. ਗੱਡੀ ਨੂੰ ਲੰਘਣ 'ਚ ਲਗਭਗ ਤਿੰਨ ਸਕਿੰਟ ਜ਼ਿਆਦਾ ਸਮਾਂ ਲੱਗ ਗਿਆ। ਜਿਸ ਕਾਰਨ ਐਸਕਾਰਟ ਜੀਪ ਦੇ ਡਰਾਈਵਰ ਨੂੰ ਗੁੱਸਾ ਆਇਆ ਅਤੇ ਉਸ ਨੇ ਜਾਣਬੁੱਝ ਉਨ੍ਹਾਂ ਦੀ ਕਾਰ ਨੂੰ ਟੱਕਰ ਮਾਰ ਦਿੱਤੀ।

ਟੱਕਰ ਮਾਰਨ ਤੋਂ ਬਾਅਦ ਜੀਪ ਚਾਲਕ ਬਿਨਾਂ ਰੁਕੇ ਤੇਜ਼ ਰਫ਼ਤਾਰ ਨਾਲ ਗੱਡੀ ਨੂੰ ਭਜਾ ਕੇ ਲੈ ਗਿਆ। ਇਹ ਪੂਰੀ ਤਰ੍ਹਾਂ ਜਾਣਬੁੱਝ ਕੇ ਕੀਤੀ ਗਈ ਕਾਰਵਾਈ ਸੀ। ਨਾ ਸਿਰਫ਼ ਵਾਹਨ ਨੂੰ ਨੁਕਸਾਨ ਪਹੁੰਚਿਆ ਸਗੋਂ ਭੀੜ ਭੜੱਕੇ ਵਾਲੀ ਸੜਕ 'ਤੇ ਉਨ੍ਹਾਂ ਦੀ ਸੁਰੱਖਿਆ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਜਨਰਲ ਹੁੱਡਾ ਨੇ ਲਿਖਿਆ ਕਿ ਕਾਨੂੰਨ ਦੀ ਪਾਲਣਾ ਕਰਨ ਵਾਲਿਆਂ ਵੱਲੋਂ ਕੀਤੀ ਗਈ ਅਜਿਹੀ ਲਾਪਰਵਾਹੀ ਵਰਦੀ ਅਤੇ ਪੂਰੇ ਵਿਭਾਗ ਦੀ ਸਾਖ ਨੂੰ ਢਾਹ ਲਗਾਉਂਦੀ ਹੈ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਜਲਦੀ ਹੀ ਕਾਰਵਾਈ ਕੀਤੀ ਜਾਵੇਗੀ।

ਉਧਰ ਪੰਜਾਬ ਪੁਲਿਸ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਇਸ ਘਟਨਾ 'ਤੇ ਐਕਸ਼ਨ ਲੈਂਦੇ ਹੋਏ ਜਨਰਲ ਹੁੱਡਾ ਨੂੰ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਵੱਲੋਂ ਪੁਲਿਸ ਵੱਲੋਂ ਮੁਲਾਜ਼ਮਾਂ ਵੱਲੋਂ ਵਰਤੋਂ ਗਈ ਲਾਪਰਵਾਹੀ 'ਤੇ ਇਤਰਾਜ਼ ਪ੍ਰਗਟਾਇਆ ਅਤੇ ਜ਼ਿੰਮੇਵਾਰ ਪੁਲਿਸ ਮੁਲਾਜ਼ਮਾਂ ਖਿਲਾਫ਼ ਜਲਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ।

# 4150 ਕਰੋੜ ਦੀ ਲਾਗਤ ਨਾਲ ਸੜਕਾਂ ਬਣਾਈਆਂ ਜਾ ਰਹੀਆਂ ਹਨ ਜਦਕਿ1,000 ਕਰੋੜ ਦੀ ਲਾਗਤ ਨਾਲ ਪੰਜਾਬ ਵਿਚ 3,000 ਖੇਡ ਸਟੇਡੀਅਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਨਵੰਬਰ
INTERNATIONAL PAPER, 94636 01616
hardipchumber57@gmail.com

ਚੰਡੀਗੜ੍ਹ : ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਅੱਜ ਚੰਡੀਗੜ੍ਹ ਵਿਖੇ ਇਕ ਪ੍ਰੈਸ ਕਾਨਫਰੰਸ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੇ ਕਿਹਾ ਕਿ 4150 ਕਰੋੜ ਦੀ ਲਾਗਤ ਨਾਲ ਸੜਕਾਂ ਬਣਾਈਆਂ ਜਾ ਰਹੀਆਂ ਹਨ ਜਦਕਿ1,000 ਕਰੋੜ ਦੀ ਲਾਗਤ ਨਾਲ ਪੰਜਾਬ ਵਿਚ 3,000 ਖੇਡ ਸਟੇਡੀਅਮ ਬਣਾਏ ਜਾ ਰਹੇ ਹਨ।

ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਪੰਜਾਬ ਪੇਂਡੂ ਖੇਤਰਾਂ ਵਿੱਚ ਤਰੱਕੀ ਕਰ ਰਿਹਾ ਹੈ, ਜੋ ਕਿ ਰੰਗਲੇ ਪੰਜਾਬ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਮੁੱਚੇ ਪੰਜਾਬ ਦੀਆਂ ਪੰਚਾਇਤਾਂ ਲਈ ਅੱਜ 332 ਕਰੋੜ ਦੀ ਇੱਕ ਕਿਸ਼ਤ ਜਾਰੀ ਕੀਤੀ ਗਈ ਹੈ, ਜਿਸ ਨਾਲ ਉਹ ਆਪਣੇ ਖੇਤਰਾਂ ਵਿੱਚ ਕੰਮ ਕਰ ਸਕਣਗੇ।

ਰੰਗਲੇ ਪੰਜਾਬ ਦੇ ਸੁਪਨੇ ਨੂੰ ਪੂਰਾ ਕਰਨ ਲਈ ਇਹ ਫੰਡ ਜਾਰੀ ਕੀਤਾ ਗਿਆ ਹੈ। ਇਨ੍ਹਾਂ 'ਚੋਂ 70% ਫੰਡ ਗ੍ਰਾਮ ਪੰਚਾਇਤਾਂ ਨੂੰ, 20% ਪੰਚਾਇਤ ਸੰਮਤੀਆਂ ਨੂੰ ਅਤੇ 10% ਜ਼ਿਲ੍ਹਾ ਪ੍ਰੀਸ਼ਦਾਂ ਨੂੰ ਅਲਾਟ ਕੀਤੇ ਗਏ ਹਨ। ਇਹ ਪੈਸਾ ਅੱਜ ਸ਼ਾਮ ਤੱਕ ਗ੍ਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਖਾਤਿਆਂ ਵਿਚ ਪਹੁੰਚ ਜਾਵੇਗਾ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਵਿਕਾਸ ਨੂੰ ਜਾਰੀ ਰੱਖਣ ਲਈ ਫੰਡ ਦੀ334 ਕਰੋੜ ਰੁਪਏ ਦੀ ਦੂਜੀ ਕਿਸ਼ਤ ਇਸ ਸਾਲ ਦਸੰਬਰ ਜਾਂ ਜਨਵਰੀ ਦੇ ਪਹਿਲੇ ਹਫ਼ਤੇ ਤੱਕ ਸਾਰੀਆਂ ਪੰਚਾਇਤਾਂ ਤੱਕ ਪਹੁੰਚ



ਜਾਵੇਗੀ। ਚੀਮਾ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 300 ਯੂਨਿਟ ਮੁਫ਼ਤ ਬਿਜਲੀ ਦੇਣ ਦਾ ਵਾਅਦਾ ਸਭ ਤੋਂ ਪਹਿਲਾਂ ਪੂਰਾ ਕੀਤਾ ਗਿਆ ਸੀ ਜਦਕਿ ਅਸੀਂ ਬਾਕੀ ਰਹਿੰਦੇ ਵਾਅਦਿਆਂ ਨੂੰ ਪੂਰਾ ਕਰਨ ਵਿਚ ਜੁਟੇ ਹੋਏ ਹਾਂ।

# ਹੁਣ ਤੱਕ 11 ਲੱਖ ਤੋਂ ਵੱਧ ਕਿਸਾਨਾਂ ਨੂੰ MSP ਦਾ ਲਾਭ ਮਿਲਿਆ: ਮੰਤਰੀ ਲਾਲ ਚੰਦ ਕਟਾਰੂਚੱਕ

## '96920 ਕਿਸਾਨਾਂ ਨੂੰ MSP ਦੇ ਲਾਭ ਮਿਲਣ ਨਾਲ ਪਟਿਆਲਾ ਸਭ ਤੋਂ ਅੱਗੇ'

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਨਵੰਬਰ
INTERNATIONAL PAPER, 94636 01616
hardipchumber57@gmail.com

ਚੰਡੀਗੜ੍ਹ: ਝੋਨੇ ਦੀ ਸੁਚਾਰੂ ਖ਼ਰੀਦ ਨੂੰ ਯਕੀਨੀ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਅਗਵਾਈ ਹੇਠ ਪੰਜਾਬ ਸਰਕਾਰ ਦੀ ਸਰਗਰਮ ਪਹੁੰਚ ਸਦਕਾ 12 ਨਵੰਬਰ ਤੱਕ 11,31,270 ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦਾ ਲਾਭ ਮਿਲਿਆ ਹੈ।

ਖੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਅਗਵਾਈ ਵਿੱਚ ਖਰੀਦ, ਲਿਫਟਿੰਗ ਅਤੇ ਭੁਗਤਾਨ ਦੀ ਪ੍ਰਕਿਰਿਆ ਪੂਰੇ ਜੋਰਾਂ-ਸ਼ੋਰਾਂ ਨਾਲ ਚੱਲ ਰਹੀ ਹੈ। ਹੁਣ ਤੱਕ 96920 ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦਾ ਲਾਭ ਮਿਲਣ ਨਾਲ ਪਟਿਆਲਾ ਜ਼ਿਲ੍ਹਾ ਸਭ ਤੋਂ ਅੱਗੇ ਹੈ।

ਜ਼ਿਕਰਯੋਗ ਹੈ ਕਿ 12 ਨਵੰਬਰ ਸ਼ਾਮ ਤੱਕ ਸੂਬੇ ਭਰ ਦੀਆਂ ਮੰਡੀਆਂ ਵਿੱਚ ਕੁੱਲ 15478162.41 ਮੀਟਰਕ ਟਨ ਝੋਨੇ ਦੀ ਆਮਦ ਹੋਈ ਹੈ। ਇਸ ਵਿੱਚੋਂ, 15389039.51 ਮੀਟਰਕ ਟਨ ਝੋਨਾ ਖਰੀਦਿਆ ਗਿਆ



ਹੈ ਅਤੇ ਹੁਣ ਤੱਕ 99 ਫੀਸਦੀ ਫ਼ਸਲ ਦੀ ਖ਼ਰੀਦ ਹੋ ਚੁੱਕੀ ਹੈ। ਕੁੱਲ ਚੁਕਾਈ ਦਾ ਅੰਕੜਾ 14109483.18 ਮੀਟਰਕ ਟਨ ਹੈ, ਜੋ ਹੁਣ ਤੱਕ ਖ਼ਰੀਦੀ ਗਈ ਕੁੱਲ ਫ਼ਸਲ ਦਾ 91 ਫੀਸਦ ਬਣਦਾ ਹੈ।

# ਵਿਦਿਆਰਥੀਆਂ ਤੇ ਬੇਰਹਿਮੀ ਨਾਲ ਲਾਠੀਆਂ ਵਰ੍ਹਾਉਣਾ ਤਾਨਾਸ਼ਾਹੀ ਦੀ ਖੁੱਲ੍ਹੀ ਮਿਸਾਲ : ਡਾ ਐਮ ਜਮੀਲ ਬਾਲੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਨਵੰਬਰ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 13 ਨਵੰਬਰ(ਤਰਸੇਮ ਦੀਵਾਨਾ ) - ਪੰਜਾਬ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਵੱਲੋਂ ਕੀਤੇ ਗਏ ਸ਼ਾਂਤਮਈ ਪ੍ਰਦਰਸ਼ਨ ਉੱਤੇ ਪੁਲਿਸ ਵੱਲੋਂ ਕੀਤੇ ਗਏ ਲਾਠੀ ਚਾਰਜ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਬਾਲੀ ਹਸਪਤਾਲ ਦੇ ਐਮਡੀ ਡਾਕਟਰ ਐਮ ਜਮੀਲ ਬਾਲੀ ਨੇ ਕਿਹਾ ਕਿ ਵਿਦਿਆਰਥੀਆਂ ਦਾ ਵਿਰੋਧ ਕਿਸੇ ਰਾਜਨੀਤਿਕ ਮੰਤਵ ਨਾਲ ਨਹੀਂ, ਸਗੋਂ ਪੰਜਾਬ ਯੂਨੀਵਰਸਿਟੀ ਦੀ ਇਤਿਹਾਸਕ ਪਛਾਣ ਤੇ ਅਧਿਕਾਰਾਂ ਦੀ ਰੱਖਿਆ ਲਈ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਯੂਨੀਵਰਸਿਟੀ ਨੂੰ ਇਸਦੀ ਮੂਲ ਪਛਾਣ ਤੋਂ ਵਾਂਝਾ ਕਰਨ ਦੀ ਸਾਜ਼ਿਸ਼ ਰਚ ਰਹੀ ਹੈ ਅਤੇ ਵਿਦਿਆਰਥੀਆਂ ਨੇ ਉਸੇ ਅਨਿਆਇਕ ਨੀਤੀ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਹੈ। ਪਰ ਦੁੱਖ ਦੀ ਗੱਲ ਹੈ ਕਿ ਪੁਲਿਸ ਨੇ ਇਸ ਸ਼ਾਂਤਮਈ ਆਵਾਜ਼ ਨੂੰ ਡਾਂਗਾਂ ਨਾਲ ਕੁਚਲਣ ਦੀ



ਕੋਸ਼ਿਸ਼ ਕੀਤੀ।ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਕੇਂਦਰ ਹੀ ਨਹੀਂ, ਸਗੋਂ ਪੰਜਾਬ ਸਰਕਾਰ ਦੇ ਅਸਲ ਚਿਹਰੇ ਨੂੰ ਵੀ ਬੇਨਕਾਬ ਕੀਤਾ ਹੈ ਜੋ ਕਿ ਨਿੰਦਣਯੋਗ ਹੈ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਵਿਦਿਆਰਥੀਆਂ ਦੀ ਸੁਰੱਖਿਆ ਕਰਨ ਦੀ ਥਾਂ ਉਨ੍ਹਾਂ ਉੱਤੇ ਹੀ ਪੁਲਿਸ ਭੇਜਕੇ ਲਾਠੀਚਾਰਜ ਕਰਵਾ ਦਿੱਤਾ ! ਉਹਨਾਂ ਕਿਹਾ ਕਿ

ਚੰਡੀਗੜ੍ਹ ਤੇ ਪੰਜਾਬ ਪੁਲਿਸ ਵੱਲੋਂ ਵਿਦਿਆਰਥੀਆਂ ਤੇ ਉਨ੍ਹਾਂ ਦਾ ਸਾਥ ਦੇਣ ਵਾਲਿਆਂ ਉੱਤੇ ਬੇਰਹਿਮੀ ਨਾਲ ਲਾਠੀਆਂ ਵਰ੍ਹਾਉਣਾ ਤਾਨਾਸ਼ਾਹੀ ਦੀ ਖੁੱਲ੍ਹੀ ਮਿਸਾਲ ਹੈ। ਉਹਨਾਂ ਚੇਤਾਵਨੀ ਦਿੱਤੀ ਕਿ ਵਿਦਿਆਰਥੀਆਂ ਦੀ ਆਵਾਜ਼ ਨੂੰ ਦਬਾਉਣ ਨਾਲ ਇਹ ਮੁੱਦਾ ਖਤਮ ਨਹੀਂ ਹੋਵੇਗਾ, ਸਗੋਂ ਪੰਜਾਬ ਦੇ ਲੋਕਾਂ ਵਿਚ ਹੋਰ ਰੋਸ ਪੈਦਾ ਕਰੇਗਾ। ਉਨ੍ਹਾਂ ਨੇ ਕੇਂਦਰ ਸਰਕਾਰ ਤੋਂ ਤੁਰੰਤ ਪੰਜਾਬ ਯੂਨੀਵਰਸਿਟੀ ਸੈਨੇਟ ਚੋਣਾਂ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨ ਦੀ ਮੰਗ ਕੀਤੀ ਅਤੇ ਕਿਹਾ ਕਿ ਯੂਨੀਵਰਸਿਟੀ ਉੱਤੇ ਪੰਜਾਬ ਦੇ ਹੱਕ ਦੀ ਮਾਨਤਾ ਦੇਣਾ ਹੁਣ ਲਾਜ਼ਮੀ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਵਿਦਿਆਰਥੀਆਂ ਦੇ ਨਾਲ ਖੜ੍ਹੇ ਹਨ ਉਹਨਾਂ ਕਿਹਾ ਕਿ ਇਹ ਲੜਾਈ ਕੇਵਲ ਯੂਨੀਵਰਸਿਟੀ ਦੀ ਨਹੀਂ, ਸਗੋਂ ਪੰਜਾਬ ਦੀ ਹੋਂਦ ਤੇ ਸਨਮਾਨ ਦੀ ਲੜਾਈ ਹੈ, ਜਿਸਨੂੰ ਇਨਸਾਫ਼ ਤੱਕ ਪਹੁੰਚਾ ਕੇ ਹੀ ਛੱਡਿਆ ਜਾਵੇਗਾ।

# ਗੁਰਦੁਆਰਾ ਮਟਨ ਸਾਹਿਬ ਕਸ਼ਮੀਰ ਤੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਦੇ ਪ੍ਰਬੰਧਾਂ ਲਈ ਸ਼੍ਰੋਮਣੀ ਕਮੇਟੀ ਵੱਲੋਂ ਜਥਾ ਰਵਾਨਾ

## 15 ਨਵੰਬਰ ਨੂੰ ਗੁਰਦੁਆਰਾ ਮਟਨ ਸਾਹਿਬ, ਅਨੰਤਨਾਗ (ਕਸ਼ਮੀਰ) ਤੋਂ ਆਰੰਭ ਹੋਵੇਗਾ ਨਗਰ ਕੀਰਤਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਨਵੰਬਰ INTERNATIONAL PAPER, 9463601616 hardipchumber57@gmail.com

ਅੰਮ੍ਰਿਤਸਰ: ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 15 ਨਵੰਬਰ 2025 ਨੂੰ ਗੁਰਦੁਆਰਾ ਮਟਨ ਸਾਹਿਬ, ਅਨੰਤਨਾਗ (ਕਸ਼ਮੀਰ) ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਤੀਕ ਸਜਾਏ ਜਾ ਰਹੇ ਨਗਰ ਕੀਰਤਨ ਦੇ ਪ੍ਰਬੰਧਾਂ ਲਈ ਅੱਜ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਤੇ ਮੁਲਾਜਮਾਂ ਦਾ ਜਥਾ ਰਵਾਨਾ ਹੋਇਆ।



ਸ਼੍ਰੋਮਣੀ ਕਮੇਟੀ ਦਫ਼ਤਰ ਪੁੱਜੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਮਟਨ ਕਸ਼ਮੀਰ ਤੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਲੋੜੀਂਦੇ ਪ੍ਰਬੰਧਾਂ ਲਈ ਅੱਜ ਮੀਤ ਸਕੱਤਰ ਸ. ਸੁਖਬੀਰ ਸਿੰਘ ਦੀ ਅਗਵਾਈ ਵਿਚ ਸ਼੍ਰੋਮਣੀ ਕਮੇਟੀ ਦਾ ਸਟਾਫ਼ ਭੇਜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ 14 ਨਵੰਬਰ ਰਾਤ ਨੂੰ ਸ੍ਰੀ ਨਗਰ ਵਿਖੇ ਗੁਰਮਤਿ ਸਮਾਗਮ ਹੋਵੇਗਾ, ਜਿਸ ਵਿੱਚ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਪੰਥ ਪ੍ਰਸਿੱਧ ਰਾਗੀ ਜਥੇ ਸ਼ਿਰਕਤ ਕਰਨਗੇ।

15 ਨਵੰਬਰ ਨੂੰ ਸਵੇਰੇ ਗੁਰਦੁਆਰਾ ਮਟਨ ਸਾਹਿਬ ਕਸ਼ਮੀਰ ਤੋਂ ਨਗਰ ਕੀਰਤਨ ਆਰੰਭ ਹੋਵੇਗਾ, ਜੋ ਅਨੰਤਨਾਗ (ਕਸ਼ਮੀਰ) ਤੋਂ ਪਿੰਡ ਪਾਲਪੋਰਾ, ਕਾਜ਼ੀਗੁੰਡ, ਰਾਮਬਨ, ਚੰਦਰਕੋਟ, ਬਟੋਤ, ਊਧਮਪੁਰ, ਜੰਮੂ ਸ਼ਹਿਰ, ਡਗਿਆਨਾ ਆਸ਼ਰਮ ਜੰਮੂ ਵਿਖੇ ਰਾਤ ਦਾ ਵਿਸ਼ਰਾਮ ਕਰੇਗਾ। ਇਸੇ ਤਰ੍ਹਾਂ 16 ਨਵੰਬਰ ਨੂੰ ਡਿਗਿਆਨਾ ਆਸ਼ਰਮ ਜੰਮੂ ਤੋਂ ਚੱਲ ਕੇ ਬਾੜੀਆਂ, ਵਿਜੈਪੁਰ, ਰਾਜਬਾਗ, ਬਰਨੌਟੀ, ਕਾਲੀਬੜੀ, ਹਟਲੀ ਮੋੜ, ਲਖਨਪੁਰ ਤੋਂ ਪੰਜਾਬ ਦਾਖ਼ਲ ਹੋ ਕੇ ਮਾਧੋਪੁਰ, ਡਿਫੈਂਸ ਰੋਡ, ਮਮੂੰਨ ਕੈਂਟ, ਗਾਂਧੀ ਚੌਂਕ, ਮਾਡਨ ਟਾਊਨ, ਭਗਤ ਸਿੰਘ ਚੌਂਕ, ਮਲਕਪੁਰ ਚੌਂਕ, ਗੁਰਦੁਆਰਾ ਸ੍ਰੀ ਬਾਰਠ ਸਾਹਿਬ, ਪਠਾਨਕੋਟ ਵਿਖੇ ਰਾਤ ਦਾ ਵਿਸ਼ਰਾਮ ਕਰੇਗਾ।

17 ਨਵੰਬਰ ਨੂੰ ਬਾਰਠ ਸਾਹਿਬ ਪਠਾਨਕੋਟ ਤੋਂ ਚੱਲ ਕੇ ਨੌਸ਼ਹਿਰਾ ਪੱਤਣ, ਪੁਰੀਕਾ ਮੋੜ, ਮੁਕੇਰੀਆਂ, ਐਮਾਂ ਮਾਂਗਟ, ਉੱਚੀ ਬੱਸੀ, ਗੁਰਦੁਆਰਾ ਸ੍ਰੀ ਟੱਕਰ ਸਾਹਿਬ ਨਨਕ ਦਰਬਾਰ, ਦਸੂਹਾ, ਰੰਧਾਵਾ ਅੱਡਾ, ਗੁਰਦੁਆਰਾ ਗਰਨਾ ਸਾਹਿਬ (ਹੁਸ਼ਿਆਰਪੁਰ), ਖੁੱਡਾ, ਕੁਰਾਲਾ, ਗੁਰਦੁਆਰਾ ਤਪ ਅਸਥਾਨ ਬਾਬਾ ਬਲਵੰਤ ਸਿੰਘ ਜੀ ਟਾਂਡਾ ਉੜਮੁੜ (ਹੁਸ਼ਿਆਰਪੁਰ) ਵਿਖੇ ਰਾਤ ਰੁਕੇਗਾ। ਇਸੇ ਤਰ੍ਹਾਂ 18 ਨਵੰਬਰ ਨੂੰ ਸਵੇਰੇ ਟਾਂਡਾ ਉੜਮੁੜ ਹੁਸ਼ਿਆਰਪੁਰ ਤੋਂ ਚੱਲ ਕੇ ਜਾਜਾ ਬਾਈਪਾਸ, ਅੱਡਾ ਝਾਵਾ, ਹਸੈਨਪੁਰ, ਸਰਾਂਈ, ਡੰਡੇਵਾਲ, ਦਾਰਾਪੁਰ ਮੋੜ, ਜਥੇਬੰਦੀ ਬਾਬਾ ਦੀਪ ਸਿੰਘ ਸੇਵਾ ਦਲ ਗੁਰੂ ਆਸਰਾ ਸੇਵਾ ਘਰ ਬਾਹਗਾ, ਸਿਰਹਾਲਾ, ਗੜ੍ਹਦੀਵਾਲ, ਗੋਦਪੁਰ, ਭੂੰਗਾ, ਹਰਿਆਣਾ, ਭੀਖੋਵਾਲ, ਬਾਗਪੁਰ, ਸਤੌਰ, ਹੁਸ਼ਿਆਰਪੁਰ ਸ਼ਹਿਰ, ਚਬੇਵਾਲ, ਮਹਿਲਪੁਰ, ਗੜ੍ਹਸ਼ੰਕਰ ਤੋਂ ਹੁੰਦਾ ਹੋਇਆ ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ (ਰੋਪੜ) ਵਿਖੇ ਸੰਪੰਨ ਹੋਵੇਗਾ।

ਅੱਜ ਜਥਾ ਰਵਾਨਾ ਕਰਨ ਮੌਕੇ ਸੁਪ੍ਰਿੰਟੈਂਡੈਂਟ ਪ੍ਰਚਾਰ ਸ. ਮਲਕੀਤ ਸਿੰਘ ਬਹਿੜਵਾਲ, ਸੁਪਰਵਾਈਜ਼ਰ ਸ. ਪਰਵਿੰਦਰ ਸਿੰਘ, ਸ. ਭੁਪਿੰਦਰ ਸਿੰਘ, ਸ. ਮੋਹਨਦੀਪ ਸਿੰਘ, ਸ. ਗੁਰਸੰਯੁਕਤ ਸਿੰਘ, ਸ. ਨਿਰਮਲ ਸਿੰਘ, ਗੁ: ਇੰਸਪੈਕਟਰ, ਸ. ਸਰਬਜੀਤ ਸਿੰਘ ਸ. ਇੰਦਰਪ੍ਰੀਤ ਸਿੰਘ, ਸ. ਚਤਰੰਤ ਸਿੰਘ, ਸ. ਜਗਦੀਪ ਸਿੰਘ ਮਾਛੀਨੰਗਲ ਅਤੇ ਹੋਰ ਕਰਮਚਾਰੀ ਮੌਜੂਦ ਸਨ।

# ਤਰਕਸ਼ੀਲਾਂ ਵੱਲੋਂ ਚੇਤਨਾ ਪ੍ਰੀਖਿਆ ਦੇ ਇਕਾਈ ਪੱਧਰੀ ਨਤੀਜੇ ਦਾ ਐਲਾਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਨਵੰਬਰ INTERNATIONAL PAPER, 9463601616 hardipchumber57@gmail.com

ਸੰਗਰੂਰ,13 ਨਵੰਬਰ (ਜਗਸੀਰ ਲੌਂਗੋਵਾਲ) - ਵਿਦਿਆਰਥੀਆਂ ਵਿਚ ਵਿਗਿਆਨਕ ਚੇਤਨਾ ਵਿਕਸਤ ਕਰਨ ,ਉਨ੍ਹਾਂ ਨੂੰ ਹਰ ਤਰ੍ਹਾਂ ਦੇ ਵਹਿਮਾਂ ਭਰਮਾਂ ਤੋਂ ਮੁਕਤ ਤੇ ਜਾਗਰੂਕ ਕਰਨ ਦੇ ਮਕਸਦ ਨੂੰ ਲੈ ਕੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਹਰ ਸਾਲ ਮਿਡਲ,ਸੈਕੰਡਰੀ ਤੇ ਅਪਰ ਸੈਕੰਡਰੀ ਦੇ ਵਿਦਿਆਰਥੀਆ ਦੀ ਚੇਤਨਾ ਪਰਖ ਪ੍ਰੀਖਿਆ ਕਰਵਾਈ ਜਾਂਦੀ ਹੈ। ਐਤਕੀ ਸੱਤਵੀਂ ਚੇਤਨਾ ਪਰਖ ਪ੍ਰੀਖਿਆ ਮਹਾਨ ਕ੍ਰਾਂਤੀਕਾਰੀ ਬੀਬੀ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਕਰਵਾਈ ਗਈ । ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ



ਮਾਸਟਰ ਪਰਮਵੇਦ, ਸੁਰਿੰਦਰ ਪਾਲ,ਸੀਤਾ ਰਾਮ, ਪ੍ਰਗਟ ਸਿੰਘ ਬਾਲੀਆਂ,ਕ੍ਰਿਸ਼ਨ ਸਿੰਘ, ਗੁਰਦੀਪ ਸਿੰਘ ਲਹਿਰਾ, ਜਸਦੇਵ ਸਿੰਘ, ਪਰਮਿੰਦਰ ਸਿੰਘ, ਕਰਤਾਰ ਸਿੰਘ ,ਪ੍ਰਲਾਦ ਸਿੰਘ ,ਹੇਮਰਾਜ,ਪਰਮਜੀਤ ਕੌਰ, ਦੇਵਿੰਦਰ ਕੌਰ ਤੇ ਇਕਬਾਲ ਕੌਰ ਆਧਾਰਿਤ ਤਰਕਸ਼ੀਲ ਟੀਮ ਨੇ ਇਕਾਈ ਪੱਧਰੀ ਨਤੀਜਾ ਘੋਸ਼ਿਤ ਕਰਦਿਆਂ ਦੱਸਿਆ ਕਿ ਸੂਬੇ ਵੱਲੋਂ ਹਰੇਕ ਜਮਾਤ ਦੇ ਸਭ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਪਹਿਲੇ ਤਿੰਨ ਵਿਦਿਆਰਥੀਆਂ ਆਧਾਰਿਤ ਸੂਬਾ ਪੱਧਰੀ ਮੈਰਿਟ ਬਣਾਈ ਗਈ ਹੈ , ਉਸ ਤੋਂ ਅਗਲੇ ਹਰੇਕ ਜਮਾਤ ਦੇ ਦੋ ਸਥਾਨਾਂ ਤੇ ਰਹਿਣ ਵਾਲੇ ਵਿਦਿਆਰਥੀ ਜ਼ੋਨ ਪੱਧਰੀ ਮੈਰਿਟ ਸੂਚੀ ਵਿੱਚ ਹਨ ਹਨ ਤੇ ਉਸ ਤੋਂ ਬਾਅਦ ਪ੍ਰੀਖਿਆ ਵਿੱਚ ਸ਼ਮੂਲੀਅਤ ਦੇ ਆਧਾਰ ਤੇ ਇਕਾਈ ਪੱਧਰੀ ਮੈਰਿਟ ਸੂਚੀ ਬਣਾਈ ਗਈ ਹੈ ।ਇਕਾਈ ਪੱਧਰ ਤੇ ਪਹਿਲੇ ਤਿੰਨ ਸਥਾਨਾਂ ਤੇ ਰਹੇ ਵਿਦਿਆਰਥੀਆਂ ਬਾਰੇ ਦੱਸਿਆ ਕਿ ਛੇਵੀਂ ਜਮਾਤ ਵਿੱਚੋਂ ਬਚਪਨ ਇੰਗਲਿਸ਼ ਸਕੂਲ ਸੰਗਰੂਰ ਦੀ ਪਰਨੀਤੀ ਤਿਵਾੜੀ ਨੇ ਪਹਿਲਾ, ਦੇਵਰਾਜ ਡੀਏਵੀ ਸਕੂਲ ਲਹਿਰਾਗਾਗਾ ਦੇ ਰਮਨ ਮਿੱਤਲ ਨੇ ਦੂਜਾ ਤੇ ਸੀਬਾ ਇੰਟਰਨੈਸ਼ਨਲ ਨੈਸ਼ਨਲ ਪਬਲਿਕ ਸਕੂਲ ਲਹਿਰਾਗਾਗਾ ਦੇ ਅਵੀਜੋਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਸੱਤਵੀਂ ਜਮਾਤ ਵਿੱਚੋਂ ਬਚਪਨ ਸਕੂਲ ਸੰਗਰੂਰ ਦੇ ਖੁਸ਼ਲ ਸਹਿਗਲ ਤੇ ਸੀਬਾ ਸਕੂਲ ਲਹਿਰਾਗਾਗਾ ਦੀ ਸਹਿਜਨੂਰ ਕੌਰ ਨੇ ਪਹਿਲਾ,ਸੀਬਾ ਸਕੂਲ ਲਹਿਰਾਗਾਗਾ ਦੀ ਸਿਮਰੀ ਕੌਰ ਨੇ ਦੂਜਾ ਤੇ ਸੀਬਾ ਸਕੂਲ ਦੀ ਹੀ ਹਰਨੂਰਦੀਪ ਨੇ ਤੀਜਾ ਸਥਾਨ ਪ੍ਰਾਪਤ ਕੀਤਾ,ਅੱਠਵੀਂ ਜਮਾਤ ਵਿੱਚ ਸਸਸਸ ਥਲੇਸ ਦੀ ਪ੍ਰਭਜੋਤ ਕੌਰ ਤੇ ਸੀਬਾ ਸਕੂਲ ਦੀ ਨਿਸ਼ਠਾ ਨੇ ਪਹਿਲਾ ਸਥਾਨ, ਸੀਬਾ ਸਕੂਲ ਦੀ ਹਰਜੋਤ ਕੌਰ ਨੇ ਦੂਜਾ ਤੇ ਦੇਵਰਾਜ ਡੀਏਵੀ ਸਕੂਲ ਲਹਿਰਾਗਾਗਾ ਦੇ ਅਭੀ ਗੋਇਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਨੌਵੀਂ ਜਮਾਤ ਵਿੱਚ ਸੀਬਾ ਸਕੂਲ ਲਹਿਰਾਗਾਗਾ ਦੇ ਰਣਜੋਧ ਸਿੰਘ ਨੇ ਪਹਿਲਾ ,ਬਚਪਨ ਇੰਗਲਿਸ਼ ਸਕੂਲ ਸੰਗਰੂਰ ਦੀ ਅਨਵੀ ਨੇ ਦੂਜਾ ਤੇ ਸੀਬਾ ਸਕੂਲ ਲਹਿਰਾਗਾਗਾ ਦੇ ਪੁਸ਼ਪ੍ਰੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ ,ਦਸਵੀਂ ਜਮਾਤ ਵਿੱਚ ਬਚਪਨ ਸਕੂਲ ਦੀ ਜਪਲੀਨ ਕੌਰ ਨੇ ਪਹਿਲਾ,ਬਚਪਨ ਸਕੂਲ ਦੇ ਹੀ ਭਵਜੀਤ ਸਿੰਘ ਨੇ ਦੂਜਾ ਤੇ ਦੇਵਰਾਜ ਡੀਏਵੀ ਸਕੂਲ ਲਹਿਰਾਗਾਗਾ ਦੀ ਮਨਜੋਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ , ਗਿਆਰਵੀਂ ਜਮਾਤ ਵਿੱਚ ਸਸਸਸ ਮਹਿਲਾਂ ਦਾ ਦੀਪਕਪਾਲ ਸਿੰਘ ਤੇ ਮਹਿਲਾਂ ਸਕੂਲ ਦੀ ਹੀ ਕਮਲਪ੍ਰੀਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ,ਬਾਰਵੀਂ ਜਮਾਤ ਵਿੱਚ ਸਸਸਸ ਮਹਿਲਾਂ ਦੀ ਹਰਪ੍ਰੀਤ ਕੌਰ ਨੇ ਪਹਿਲਾ ਤੇ ਮਹਿਲਾਂ ਸਕੂਲ ਦੀ ਪ੍ਰਭਜੋਤ ਕੌਰ ਤੇ ਸਸਸਸ ਬਡਰੁੱਖਾਂ ਦੀ ਸਾਰੀਕਾ ਅਰੋੜਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਆਗੂਆਂ ਦੱਸਿਆ ਕਿ ਸਥਾਨਕ ਇਕਾਈ ਦੇ 35 ਸਕੂਲਾਂ ਦੇ 534 ਮਿਡਲ ਤੇ 487 ਸੈਕੰਡਰੀ ਕੁੱਲ 1021 ਵਿਦਿਆਰਥੀਆਂ ਨੇ 12 ਪ੍ਰੀਖਿਆ ਕੇਂਦਰਾਂ ਵਿੱਚ ਪ੍ਰੀਖਿਆ ਦਿੱਤੀ ਸੀ । ਉਨ੍ਹਾਂ ਅੱਗੇ ਕਿਹਾ ਕਿ ਸੰਗਰੂਰ ਇਕਾਈ ਪੱਧਰੀ ਮੈਰਿਟ ਵਿੱਚ ਹਰੇਕ ਜਮਾਤ ਵਿੱਚੋਂ ਘੱਟੋ ਘੱਟ ਪਹਿਲੇ ਪੰਜ ਸਥਾਨਾਂ ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਸਮਾਗਮ ਵਿੱਚ ਵਿਗਿਆਨਕ ਵਿਚਾਰਾਂ ਵਾਲੀਆਂ ਕਿਤਾਬਾਂ ,ਯਾਦਗਾਰੀ ਚਿੰਨ੍ਹ ਤੇ ਸਨਮਾਨ ਪੱਤਰ ਦੇ ਕੇ ਤੇ ਸਹਿਯੋਗੀ ,ਹਮਦਰਦ ਅਧਿਆਪਕਾਂ, ਸਕੂਲ ਮੁਖੀਆਂ ਤੇ ਪਤਵੰਤਿਆਂ ਨੂੰ ਵੀ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਜਾਵੇਗਾ। ਪ੍ਰੀਖਿਆ ਵਿੱਚ 35% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਵੀ ਸਨਮਾਨ ਪੱਤਰ ਦਿੱਤੇ ਜਾਣਗੇ।

# ਫਾਂਸੀ ਦੀ ਸਜ਼ਾ ਭੁਗਤ ਰਿਹਾ ਵਿਅਕਤੀ ਪੁਲਿਸ ਮੁਲਾਜ਼ਮ ਨੂੰ ਧੱਕਾ ਦੇ ਕੇ ਹਸਪਤਾਲੋਂ ਫਰਾਰ, ਪੰਜਾਬ ਪੁਲਿਸ ਭਾਲ 'ਚ ਜੁਟੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਨਵੰਬਰ INTERNATIONAL PAPER, 9463601616 hardipchumber57@gmail.com

ਫਾਂਸੀ ਦੀ ਸਜ਼ਾ ਭੁਗਤ ਰਿਹਾ ਇੱਕ ਵਿਅਕਤੀ ਇੱਕ ਪੁਲਿਸ ਮੁਲਾਜ਼ਮ ਨੂੰ ਧੱਕਾ ਦੇ ਕੇ ਹਸਪਤਾਲ 'ਚੋਂ ਭੱਜ ਗਿਆ। ਭੱਜਣ ਤੋਂ ਬਾਅਦ, ਉਸਨੇ ਆਪਣੇ ਹੱਥਾਂ 'ਤੇ ਲੱਗੀਆਂ ਹੱਥਕੜੀਆਂ ਵੀ ਤੋੜ ਕੇ ਸੁੱਟ ਦਿੱਤੀਆਂ। ਚੰਡੀਗੜ੍ਹ ਪੁਲਿਸ, ਪੰਜਾਬ ਪੁਲਿਸ ਦੇ ਨਾਲ ਹੁਣ ਦੋਸ਼ੀ ਦੀ ਭਾਲ ਕਰ ਰਹੀ ਹੈ।

ਜ਼ਿਕਰਯੋਗ ਹੈ ਕਿ ਦੋਸ਼ੀ, ਉੱਤਰ ਪ੍ਰਦੇਸ਼ ਨਿਵਾਸੀ ਸੋਨੂੰ ਨੇ ਇੱਕ ਪੰਜ ਸਾਲ ਦੀ ਬੱਚੀ ਨਾਲ ਬਲਾਤਕਾਰ ਕੀਤਾ ਸੀ ਅਤੇ ਉਸਦੀ ਹੱਤਿਆ ਕਰ ਦਿੱਤੀ ਸੀ। ਉਸਨੂੰ ਇਸ ਮਾਮਲੇ ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਬਿਮਾਰੀ ਕਾਰਨ, ਉਹ ਚੰਡੀਗੜ੍ਹ ਦੇ ਜੀਐਮਸੀਐਚ ਹਸਪਤਾਲ ਵਿੱਚ ਇਲਾਜ ਅਧੀਨ ਸੀ।

ਮਾਰਚ 2025 ਵਿੱਚ, ਲੁਧਿਆਣਾ ਦੀ ਇੱਕ ਅਦਾਲਤ ਨੇ ਸੋਨੂੰ ਨੂੰ ਮੌਤ ਦੀ ਸਜ਼ਾ ਸੁਣਾਈ ਅਤੇ ਉਸਨੂੰ ਸਾਢੇ ਪੰਜ ਲੱਖ ਰੁਪਏ ਜੁਰਮਾਨਾ ਕੀਤਾ। ਸੋਨੂੰ 'ਤੇ 28 ਦਸੰਬਰ, 2023 ਨੂੰ ਇੱਕ ਪੰਜ ਸਾਲ ਦੀ ਬੱਚੀ ਨੂੰ ਚਾਕਲੇਟਾਂ ਦੀ ਪੇਸ਼ਕਸ਼ ਕਰਕੇ ਆਪਣੇ ਕਮਰੇ ਵਿੱਚ ਬੁਲਾਉਣ, ਬਲਾਤਕਾਰ ਕਰਨ ਅਤੇ ਉਸਦੀ ਹੱਤਿਆ ਕਰਨ ਦਾ ਦੋਸ਼ ਸੀ। ਫਿਰ ਉਸਨੇ ਉਸਦੀ ਲਾਸ਼ ਨੂੰ ਇੱਕ ਬੈੱਡ ਬਾਕਸ ਵਿੱਚ ਲੁਕਾ ਦਿੱਤਾ ਅਤੇ ਭੱਜ ਗਿਆ।



ਜਦੋਂ ਪੁਲਿਸ ਨੇ ਲੜਕੀ ਦੇ ਲਾਪਤਾ ਹੋਣ ਦੀ ਜਾਂਚ ਕੀਤੀ, ਤਾਂ ਸੀਸੀਟੀਵੀ ਫੁਟੇਜ ਵਿੱਚ ਸੋਨੂੰ ਨੂੰ ਲੜਕੀ ਦੇ ਨਾਲ ਜਾਂਦੇ ਹੋਏ ਦੇਖਿਆ ਗਿਆ। ਕਮਰੇ ਦਾ ਤਾਲਾ ਤੋੜਨ ਤੋਂ ਬਾਅਦ, ਪੁਲਿਸ ਨੇ ਲੜਕੀ ਦੀ ਲਾਸ਼ ਬੈਡ 'ਚੋਂ ਬਰਾਮਦ ਕੀਤੀ ਸੀ। ਡੀਐਨਏ ਰਿਪੋਰਟ ਅਤੇ ਸਬੂਤਾਂ ਦੇ ਆਧਾਰ 'ਤੇ ਅਦਾਲਤ ਨੇ ਸੋਨੂੰ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਈ ਸੀ।

# ਰਾਜ-ਪੱਧਰੀ ਨਾਟਕ ਮੇਲੇ ਦੇ ਦੂਜੇ ਦਿਨ ਨਾਟਕ ਜੀ ਆਇਆਂ ਨੂੰ ਨੇ ਟੁੰਬੇ ਦਿਲ

## • ਵਡੇਰੀ ਉਮਰ 'ਚ ਇੱਕਲਤਾ ਦੇ ਦੁਖਾਂਤ ਨੂੰ ਦਰਸਾਉਂਦੀ ਹੈ ਕਹਾਣੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਨਵੰਬਰ INTERNATIONAL PAPER, 9463601616 hardipchumber57@gmail.com

ਬਠਿੰਡਾ, 13 ਨਵੰਬਰ (ਅੰਗਰੇਜ ਸਿੰਘ ਵਿੱਕੀ) ਬਲਵੰਤ ਗਾਰਗੀ ਆਡੀਟੋਰੀਅਮ ਬਠਿੰਡਾ ਵਿਖੇ ਪੰਜਾਬ ਸਰਕਾਰ ਦੀ ਰਹਿਨੁਮਾਈ ਹੇਠ ਤੇ ਭਾਸ਼ਾ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ, ਨਗਰ ਨਿਗਮ ਬਠਿੰਡਾ ਅਤੇ ਨਟਿਅਮ ਪੰਜਾਬ ਦੇ ਸਹਿਯੋਗ ਸਦਕਾ ਤਿੰਨ-ਰੋਜ਼ਾ ਰਾਜ-ਪੱਧਰੀ ਨਾਟਕ ਮੇਲੇ ਦੇ ਦੂਜੇ ਦਿਨ ਦਿਲ ਟੁੰਬਵਾਂ ਨਾਟਕ 'ਜੀ ਆਇਆਂ ਨੂੰ' ਖੇਡਿਆ ਗਿਆ। ਭੁਪਿੰਦਰ ਉਤਰੇਜਾ ਦੇ ਲਿਖੇ ਇਸ ਨਾਟਕ ਨੂੰ ਟੀਮ ਨਰੰਗ ਅਬੋਹਰ ਨੇ ਹਨੀ ਉਤਰੇਜਾ ਦੇ ਨਿਰਦੇਸ਼ਨ ਹੇਠ ਖੇਡਿਆ। ਨਾਟਕ ਵਿੱਚ ਵਡੇਰੀ ਉਮਰ ਵਿੱਚ ਬਜ਼ੁਰਗਾਂ ਵੱਲੋਂ ਹੰਢਾਏ ਜਾਂਦੇ ਇਕੱਲਤਾ ਦੇ ਦੁਖਾਂਤ ਨੂੰ ਬੜੀ ਸੰਜੀਦਗੀ ਨਾਲ ਦਰਸਾਇਆ ਗਿਆ।



ਕਹਾਣੀ ਵਿੱਚ ਜੀਵਨ ਸਾਥੀ ਦੇ ਜਾਣ ਮਗਰੋਂ ਜਦੋਂ ਬੱਚੇ ਵੀ ਪਰਦੇਸ ਜਾਂ ਹੋਰ ਕੰਮਾਂ-ਧੰਦਿਆਂ ਕਰਕੇ ਪਿੱਛੇ ਇੱਕਲੇ ਰਹਿ ਗਏ ਪਿਉ ਜਾਂ ਮਾਂ ਤੋਂ ਮੁਖ ਮੋੜ ਲੈਣ ਤਾਂ ਉਸ ਸਮੇਂ ਮਾਪਿਆਂ ਨੂੰ ਜੋ ਦੁਖਾਂਤ ਹੰਢਾਉਣਾ ਪੈਂਦਾ ਹੈ, ਉਸ ਦੁਖਾਂਤ ਦੀ ਭਾਵਪੂਰਤ ਪੇਸ਼ਕਾਰੀ ਕੀਤੀ ਗਈ। ਨਾਟਕ ਦੌਰਾਨ ਦਰਸ਼ਕ ਬਹੁਤ ਵਾਰ ਭਾਵੁਕ ਹੋਏ ਤੇ ਤਾੜੀਆਂ ਨਾਲ ਅਦਾਕਾਰਾਂ ਦੀ ਵੀ ਹੌਂਸਲਾ-ਅਫ਼ਜ਼ਾਈ ਕੀਤੀ।

ਨਾਟ-ਉਤਸਵ ਦੇ ਦੂਸਰੇ ਦਿਨ ਸਕੱਤਰ ਆਰ.ਟੀ.ਏ. ਗਗਨਦੀਪ ਸਿੰਘ, ਐਸ.ਡੀ. ਐਮ. ਤਲਵੰਡੀ ਸਾਬੋ ਸ੍ਰੀ ਪੰਕਜ ਬਾਂਸਲ ਅਤੇ ਭਾਸ਼ਾ ਵਿਭਾਗ ਪੰਜਾਬ ਤੋਂ ਸਹਾਇਕ ਡਾਇਰੈਕਟਰ ਤਜਿੰਦਰ ਸਿੰਘ ਗਿੱਲ ਨੇ ਸ਼ਿਰਕਤ ਕੀਤੀ। ਇਸ ਦੌਰਾਨ ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸਨਮਾਨ ਚਿੰਨ੍ਹ ਭੇਂਟ ਕੀਤਾ।ਇਸ ਮੌਕੇ ਤਜਿੰਦਰ ਸਿੰਘ ਗਿੱਲ ਨੇ ਜ਼ਿਲ੍ਹਾ ਭਾਸ਼ਾ ਦਫ਼ਤਰ ਬਠਿੰਡਾ ਦੇ ਨਾਟ-ਉਤਸਵ ਸਬੰਧੀ ਪ੍ਰਬੰਧਾਂ ਦੀ ਸ਼ਲਾਘਾ ਕਰਦੇ ਹੋਏ ਭਾਸ਼ਾ ਵਿਭਾਗ ਪੰਜਾਬ ਦੀ ਭਾਸ਼ਾ ਦੀ ਪ੍ਰਫੁੱਲਤਾ ਪ੍ਰਤੀ ਵਚਨਬੱਧਤਾ ਦੁਹਰਾਈ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਨੂੰ ਮੇਲੇ ਦੀ ਸਫ਼ਲਤਾ ਲਈ ਵਧਾਈ ਦਿੱਤੀ। ਅੰਤ ਵਿੱਚ ਖੋਜ ਅਫ਼ਸਰ ਨਵਪ੍ਰੀਤ ਸਿੰਘ ਨੇ ਮਹਿਮਾਨਾਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ।ਇਸ ਇਸ ਦੌਰਾਨ ਜ਼ਿਲ੍ਹਾ ਭਾਸ਼ਾ ਦਫ਼ਤਰ ਬਠਿੰਡਾ ਦੇ ਵਿਕਰੀ ਕੇਂਦਰ ਇੰਚਾਰਜ ਸ਼੍ਰੀ ਸੁਖਮਨੀ ਸਿੰਘ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ ਅਤੇ ਓਪਨ ਮਾਈਕ ਸੈਸ਼ਨ ਵਿੱਚ ਵੀ ਦਰਸ਼ਕਾਂ ਨੇ ਆਪਣੀ ਕਲਾ ਦੇ ਜੌਹਰ ਵਿਖਾਏ। ਮੰਚ ਸੰਚਾਲਕ ਦੀ ਭੂਮਿਕਾ ਡਾ.ਸੰਦੀਪ ਸਿੰਘ ਮੋਹਲਾਂ ਨੇ ਨਿਭਾਈ।

ਇਸ ਰਾਜ-ਪੱਧਰੀ ਨਾਟ-ਮੇਲੇ 'ਚ ਸਹਿਯੋਗ ਕਰ ਰਹੀ ਨਟਿਅਮ ਪੰਜਾਬ ਟੀਮ ਦੇ ਪ੍ਰਧਾਨ ਮੈਡਮ ਰਿੰਪੀ ਕਾਲੜਾ, ਈਵੈਂਟ ਕੋਆਰਡੀਨੇਟਰ ਗੁਰਨੂਰ ਸਿੰਘ, ਨਟਿਅਮ ਵਿੱਤ ਸਕੱਤਰ ਓ.ਪੀ.ਚਾਵਲਾ ਇਸ ਸਮਾਰੋਹ ਨੂੰ ਸਫ਼ਲਤਾ ਸਹਿਤ ਨੇਪਰੇ ਚਾੜ੍ਹਨ ਲਈ ਵਿਸ਼ੇਸ਼ ਸਹਿਯੋਗ ਦੇ ਰਹੇ ਹਨ।

ਇਸ ਮੌਕੇ ਮੈਡਮ ਮਾਲਵਿੰਦਰ ਕੌਰ ਡਾਇਰੈਕਟਰ ਸਿਲਵਰ ਓਕਸ ਸਕੂਲ ਐਡਵੋਕੇਟ ਸਰਬੱਤ ਸਿੰਘ ਬਰਾੜ, ਗੁਰਲਾਲ ਸਿੰਘ, ਪ੍ਰਿੰਸੀਪਲ ਨੀਲਮ ਵਰਮਾ, ਪ੍ਰਿੰਸੀਪਲ ਜਸਵਿੰਦਰ ਸੰਧੂ, ਪ੍ਰਿੰਸੀਪਲ ਜਸਪਾਲ ਸਿੰਘ ਰੋਮਾਣਾ, ਅਨਿਲ ਕੁਮਾਰ, ਸ਼ੁਭਮ ਕੁਮਾਰ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਸਾਹਿਤਕ ਹਸਤੀਆਂ ਵਿੱਚੋਂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 14 ਨਵੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਜ਼ਿਲ੍ਹਾ ਪੱਧਰੀ ਅੰਦੋਲਨਾਂ ਨਾਲ ਸੰਗਠਨ ਸ਼ਕਤੀ ਕਮਜ਼ੋਰ ਹੋ ਜਾਵੇਗੀ

26 ਫਰਵਰੀ 1939 ਦੀ ਸ਼ਾਮ ਨੂੰ ਚੇਂਬੁਰ, ਮੁੰਬਈ ਦੀ ਅਛੂਤ ਸਮਾਜ ਸੰਸਥਾ ਦੀ ਤਰਫ਼ੋਂ ਆਜ਼ਾਦ ਮਜ਼ਦੂਰ ਪਾਰਟੀ ਦੇ ਸਕੱਤਰ ਭਰਾ ਡੀ.ਵੀ. ਪ੍ਰਧਾਨ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ। ਉਸ ਸਮੇਂ ਸੁਤੰਤਰ ਲੇਬਰ ਪਾਰਟੀ ਦੇ ਮੁੰਬਈ ਰਾਜ ਵਿਧਾਨ ਸਭਾ ਦੇ ਵਿਧਾਇਕ, ਮੁੰਬਈ ਨਗਰ ਪਾਲਿਕਾ ਦੇ



ਚੁਣੇ ਹੋਏ ਪ੍ਰਤੀਨਿਧੀ ਅਤੇ ਵਿਵਿਧ ਵ੍ਰੱਤ ਦੇ ਸੰਪਾਦਕ ਰੰਭ ਯੁ ਟਤਨਿਸ ਮੌਜੂਦ ਸਨ। ਡਾ. ਬਾਬਾ ਸਾਹਿਬ ਅੰਬੇਡਕਰ ਤਾੜੀਆਂ ਦੀ ਗੜਗੜਾਹਟ ਵਿਚ ਬੋਲਣ ਲਈ ਖੜ੍ਹੇ ਹੋਏ।

ਸਭ ਤੋਂ ਪਹਿਲਾਂ ਉਨ੍ਹਾਂ ਨੇ ਬਹੁਤ ਪਿਆਰ ਅਤੇ ਵਿਸ਼ਵਾਸ ਨਾਲ ਬਿਲਡਿੰਗ ਫੰਡ ਲਈ ਪੈਸਾ ਇਕੱਠਾ ਕਰਨ ਲਈ ਚੈਂਬੁਰ ਦੇ ਵਰਕਰਾਂ ਨੂੰ ਵਧਾਈ ਦਿੱਤੀ। ਉਨ੍ਹਾਂ ਅੱਗੇ ਕਿਹਾ-

"ਇਸ ਫੰਡ ਦੀ ਮਹੱਤਤਾ ਨੂੰ ਮੇਰੇ ਤੋਂ ਪਹਿਲਾਂ ਬੋਲਣ ਵਾਲਿਆਂ ਨੇ ਸਪੱਸ਼ਟ ਕੀਤਾ ਹੈ। ਇਸ ਫੰਡ ਲਈ ਘੱਟੋ-ਘੱਟ ਦੋ ਲੱਖ ਰੁਪਏ ਜੋੜਨਾ ਜ਼ਰੂਰੀ ਹੈ। ਇਸ ਮਕਸਦ ਲਈ ਹੁਣ ਤੱਕ ਜਮ੍ਹਾਂ ਕੀਤੀ ਗਈ ਰਕਮ ਬਹੁਤ ਘੱਟ ਹੈ। ਜਦੋਂ ਮੇਰੇ ਮਨ ਵਿਚ ਇਸ ਨਿਧੀ ਦਾ ਖ਼ਿਆਲ ਆਇਆ ਤਾਂ ਮੈਨੂੰ ਸਭ ਤੋਂ ਪਹਿਲਾਂ ਆਖਰੀ ਬਾਜੀਰਾਓ ਦਾ ਦਾਨ ਯਾਦ ਆਇਆ। ਉਸਨੇ ਇੱਕ ਭਿਖਾਰੀ ਨੂੰ ਉਸਦੇ ਸਿਰ 'ਤੇ ਪੈਸੇ ਢੇਰੀ ਕਰਕੇ ਦਾਨ ਦਿੱਤਾ ਜਦੋਂ ਤੱਕ ਉਹ ਸੰਤੁਸ਼ਟ ਨਾ ਹੋ ਗਿਆ। ਇਹ ਪੜ੍ਹ ਕੇ ਮੇਰੇ ਮਨ ਵਿੱਚ ਇੱਕ ਖਿਆਲ ਆਇਆ ਕਿ ਜੇਕਰ ਕੋਈ ਇਸ ਫੰਡ ਵਿੱਚ ਦਾਨ ਦੇਣ ਲਈ ਤਿਆਰ ਹੈ ਤਾਂ ਮੈਂ ਭਾਵੇਂ ਜਿੰਨੀ ਮਰਜ਼ੀ ਮੁਸੀਬਤ ਦਾ ਸਾਹਮਣਾ ਕਰਾਂ, ਮੈਂ ਆਪਣੇ ਸਿਰ 'ਤੇ ਭਾਰ ਪਾ ਕੇ ਦਾਨ ਦੇਣ ਲਈ ਤਿਆਰ ਹਾਂ।

ਭਿਖਸ਼ੂ-ਮਾਨਸਿਕਤਾ ਨੂੰ ਪ੍ਰਵਾਨ ਕੀਤੇ ਬਿਨਾਂ ਇਸ ਬਿਲਡਿੰਗ ਫੰਡ ਨੂੰ ਪੂਰਾ ਕਰਨਾ ਸੰਭਵ ਨਹੀਂ ਹੈ। ਫਿਰ ਉਸਨੇ 1926 ਅਤੇ 1939 ਦੇ ਵਿਚਕਾਰ ਚੈਂਬਰ ਦੇ ਅਛੂਤ ਮਜ਼ਦੂਰਾਂ ਲਈ ਜੀਵਨ ਦੀਆਂ ਭਿਆਨਕਤਾਵਾਂ ਦਾ ਵਰਣਨ ਕੀਤਾ। ਕੂੜੇ ਦੇ ਢੇਰ ਵਿੱਚ ਬਣੀਆਂ ਪੁਰਾਣੀ ਝੁੱਗੀ ਬਸਤੀਆਂ ਵਿੱਚ ਅਤੇ ਮਨੁੱਖ ਵਿੱਚ ਕਦੇ ਵੀ ਕੋਈ ਫਰਕ ਨਹੀਂ ਆਉਂਦਾ ਸੀ। ਇਸ ਦੇ ਮੁਕਾਬਲੇ ਦਸ ਸਾਲਾਂ ਵਿੱਚ ਇੱਥੇ ਬਹੁਤ ਤਸੱਲੀਬਖਸ਼ ਬਦਲਾਅ ਦੇਖਣ ਨੂੰ ਮਿਲਦਾ ਹੈ।

ਅੱਜ ਸਾਡੇ ਸਮਾਜ ਵਿੱਚ ਸਿੱਖਿਆ ਸੁਧਾਰਾਂ ਆਦਿ ਕਾਰਨ ਜੋ ਸੁਧਾਰ ਹੋਇਆ ਹੈ, ਉਹ ਸ਼ਲਾਘਾਯੋਗ ਅਤੇ ਮਹਤਵਪੂਰਨ ਹੈ। ਅੱਜ ਲੋੜ ਹੈ ਕਿ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਆ ਪ੍ਰਦਾਨ ਕਰਨ ਲਈ ਉਪਰਾਲੇ ਕੀਤੇ ਜਾਣ। 10 ਸਾਲ ਪਹਿਲਾਂ ਤੁਹਾਡੀ ਹਾਲਤ ਸੁਧਾਰਨ ਲਈ ਮਜ਼ਦੂਰਾਂ ਦੀ ਕੋਈ ਜਥੇਬੰਦੀ ਨਹੀਂ ਸੀ। ਨਗਰ ਪਾਲਿਕਾ ਵਿੱਚ ਤੁਹਾਡੇ ਆਪਣੇ ਨੁਮਾਇੰਦੇ ਨਹੀਂ ਸਨ। ਪਰ ਪਿਛਲੀਆਂ ਚੋਣਾਂ ਵਿੱਚ ਨਗਰ ਪਾਲਿਕਾ ਵਿੱਚ ਸਾਡੀ ਆਜ਼ਾਦ ਲੇਬਰ ਪਾਰਟੀ ਦੇ ਪੰਜ-ਛੇ ਨੁਮਾਇੰਦੇ ਚੁਣੇ ਗਏ ਹਨ।

ਇਸ ਵਾਰ ਮੈਂ ਗਣਪਤ ਬੁਵਾ ਜਾਧਵ ਨੂੰ ਚੋਣ ਮੈਦਾਨ ਵਿਚ ਉਤਾਰਿਆ ਸੀ। ਬਦਕਿਸਮਤੀ ਨਾਲ ਉਹ ਚੋਣ ਹਾਰ ਗਿਆ। ਪਰ ਮੈਨੂੰ ਯਕੀਨ ਹੈ ਕਿ ਉਹ ਆਪਣੇ ਕੰਮ ਕਰਨ ਵਾਲੇ ਭਰਾਵਾਂ ਲਈ ਸ਼ਾਨਦਾਰ ਕੰਮ ਕਰਦੇ। ਮੈਂ ਇਸ ਤੱਥ ਨੂੰ ਕਦੇ ਨਹੀਂ ਭੁੱਲਾਂਗਾ ਕਿ ਉਸ ਨੂੰ ਆਪਣੇ ਹੀ ਕੁਝ ਲੋਕਾਂ ਦੇ ਵਿਸ਼ਵਾਸਘਾਤ ਕਾਰਨ ਅਸਫਲਤਾ ਦਾ ਸਾਹਮਣਾ ਕਰਨਾ ਪਿਆ ਸੀ। ਅੱਜ ਉਸ ਦੇ ਕੰਮ ਨੂੰ ਦੇਖਦੇ ਹੋਏ ਇੱਥੋਂ ਦੇ ਵਰਕਰਾਂ ਨੇ ਉਸ ਨੂੰ ਪਿਛਲੀਆਂ ਚੋਣਾਂ ਦੌਰਾਨ ਹੋਏ ਖਰਚੇ ਦੀ ਭਰਪਾਈ ਲਈ 100 ਰੁਪਏ ਦੀ ਮਦਦ ਦੇਣ ਦੀ ਗੱਲ ਮੰਨ ਲਈ ਹੈ। ਇਸ ਲਈ ਮੈਂ ਸਾਰੇ ਲੋਕਾਂ ਦਾ ਧੰਨਵਾਦ ਕਰਦਾ ਹਾਂ।

ਸਾਡੀ ਲਹਿਰ ਨੂੰ ਜਥੇਬੰਦ ਕਰਨ ਲਈ ਜ਼ਿਲ੍ਹਾ ਪੱਧਰ 'ਤੇ ਚਲਾਈ ਜਾ ਰਹੀ ਲਹਿਰ ਨੂੰ ਰੋਕਣਾ ਪਵੇਗਾ। ਇਸ ਤਰ੍ਹਾਂ ਜ਼ਿਲ੍ਹਾ ਪੱਧਰ 'ਤੇ ਕੰਮ ਕਰਨ ਨਾਲ ਜਥੇਬੰਦਕ ਤਾਕਤ ਕਮਜ਼ੋਰ ਹੋ ਜਾਂਦੀ ਹੈ। ਮੁਕਾਬਲੇ ਕਾਰਨ ਜ਼ਿਲ੍ਹਿਆਂ ਵਿੱਚ ਈਰਖਾ ਅਤੇ ਜਲਨ ਦਾ ਦਰਾੜ ਪੈਣ ਦਾ ਡਰ ਬਣਿਆ ਹੋਇਆ ਹੈ। ਆਪ ਸਭ ਨੂੰ ਇੱਕਜੁੱਟ ਹੋ ਕੇ ਆਪਣੀ ਵੱਖਰੀ ਮਜ਼ਦੂਰ ਪਾਰਟੀ ਦੀ ਲੜਾਈ ਨੂੰ ਕਾਮਯਾਬ ਕਰਨਾ ਚਾਹੀਦਾ ਹੈ। ਜ਼ਿਲ੍ਹੇ ਦੀ ਭਾਵਨਾ ਨੂੰ ਛੱਡੋ। ਇਹ ਮੇਰਾ ਅੱਜ ਤੁਹਾਡੇ ਲਈ ਸੰਦੇਸ਼ ਹੈ।

ਇਸ ਤੋਂ ਬਾਅਦ, ਸਮੇਂ ਦੀ ਘਾਟ ਕਾਰਨ, ਸ਼੍ਰੀ ਡੀ.ਵੀ. ਪ੍ਰਧਾਨ ਦੁਆਰਾ ਇੱਕ ਛੋਟਾ ਭਾਸ਼ਣ ਦਿੱਤਾ ਗਿਆ। ਉਪਰੰਤ ਸਮੂਹ ਮਹਿਮਾਨਾਂ ਨੂੰ ਫੁੱਲਾਂ ਦੇ ਹਾਰ ਅਤੇ ਗੁਲਦਸਤੇ ਭੇਟ ਕੀਤੇ ਗਏ। ਇਸ ਮੀਟਿੰਗ ਦਾ ਆਯੋਜਨ ਸਮਤਾ ਸੈਨਿਕ ਦਲ ਵੱਲੋਂ ਜੀ.ਓ.ਸੀ. ਸ਼੍ਰੀ ਦਿਆਲਕਰ ਦੀ ਅਗਵਾਈ ਹੇਠ ਕੀਤਾ ਗਿਆ।

# ਅੰਬੇਡਕਰ: ਜ਼ਿਲ੍ਹਾ ਅੰਦੋਲਨਾਂ ਉੱਤੇ ਏਕਤਾ

(ਇੰਜੀ. ਹਰਦੀਪ ਸਿੰਘ ਚੁੰਬਰ)

## ਕਾਰਜਕਾਰੀ ਸਾਰ

ਇਹ ਦਸਤਾਵੇਜ਼ 26 ਫਰਵਰੀ, 1939 ਨੂੰ ਮੁੰਬਈ ਦੇ ਚੈਂਬੁਰ ਵਿੱਚ ਡਾ. ਬਾਬਾ ਸਾਹਿਬ ਅੰਬੇਡਕਰ ਦੁਆਰਾ ਦਿੱਤੇ ਗਏ ਇੱਕ ਮਹੱਤਵਪੂਰਨ ਭਾਸ਼ਣ ਦੇ ਮੁੱਖ ਵਿਸ਼ਿਆਂ ਅਤੇ ਦਲੀਲਾਂ ਦਾ ਸੰਸ਼ਲੇਸ਼ਣ ਕਰਦਾ ਹੈ। ਭਾਸ਼ਣ ਦਾ ਕੇਂਦਰੀ ਅਤੇ ਸਭ ਤੋਂ ਜ਼ਰੂਰੀ ਸੰਦੇਸ਼ ਸੰਗਠਨਾਤਮਕ ਏਕਤਾ ਦੀ ਲੋੜ ਸੀ। ਡਾ. ਅੰਬੇਡਕਰ ਨੇ ਜ਼ੋਰ ਦੇ ਕੇ ਕਿਹਾ ਕਿ ਜ਼ਿਲ੍ਹਾ-ਪੱਧਰੀ ਅੰਦੋਲਨਾਂ ਨੂੰ ਬੰਦ ਕਰਨਾ ਲਾਜ਼ਮੀ ਹੈ, ਕਿਉਂਕਿ ਇਹ ਸਮੁੱਚੀ ਸੰਗਠਨ ਸ਼ਕਤੀ ਨੂੰ ਕਮਜ਼ੋਰ ਕਰਦੇ ਹਨ ਅਤੇ ਆਪਸੀ ਮੁਕਾਬਲੇਬਾਜ਼ੀ ਕਾਰਨ ਜ਼ਿਲ੍ਹਿਆਂ ਵਿਚਕਾਰ ਈਰਖਾ ਅਤੇ ਵੈਰ-ਵਿਰੋਧ ਪੈਦਾ ਕਰਦੇ ਹਨ। ਉਨ੍ਹਾਂ ਦਾ ਸਪੱਸ਼ਟ ਸੱਦਾ ਸੀ ਕਿ ਸਾਰੇ ਸਮਰਥਕ "ਵੱਖਰੀ ਮਜ਼ਦੂਰ ਪਾਰਟੀ" (ਸੁਤੰਤਰ ਲੇਬਰ ਪਾਰਟੀ) ਦੇ ਝੰਡੇ ਹੇਠ ਇਕਜੁੱਟ ਹੋਣ ਅਤੇ ਜ਼ਿਲ੍ਹੇ ਦੀਆਂ ਭਾਵਨਾਵਾਂ ਨੂੰ ਤਿਆਗ ਦੇਣ। ਇਸ ਮੁੱਖ ਦਲੀਲ ਤੋਂ ਇਲਾਵਾ, ਉਨ੍ਹਾਂ ਨੇ ਸਮਾਜ ਦੀ ਸਮਾਜਿਕ ਤਰੱਕੀ, ਰਾਜਨੀਤਿਕ ਪ੍ਰਤੀਨਿਧਤਾ ਦੇ ਮਹੱਤਵ, ਅਤੇ ਇੱਕ ਕੇਂਦਰੀ ਇਮਾਰਤ ਲਈ ਫੰਡ ਇਕੱਠਾ ਕਰਨ ਦੀ ਫੌਰੀ ਲੋੜ 'ਤੇ ਵੀ ਚਾਨਣਾ ਪਾਇਆ।

## ਵਿਸਤ੍ਰਿਤ ਵਿਸ਼ਲੇਸ਼ਣ

ਮੀਟਿੰਗ ਦਾ ਸੰਦਰਭ

* ਮਿਤੀ: 26 ਫਰਵਰੀ, 1939 (ਸ਼ਾਮ)
* ਸਥਾਨ: ਚੈਂਬੁਰ, ਮੁੰਬਈ
* ਪ੍ਰਬੰਧਕ: ਅਸਪ੍ਰਿਸ਼ ਸਮਾਜ ਸੰਗਠਨ ਸੰਸਥਾ
* ਪ੍ਰਧਾਨ: ਭਾਈ ਡੀ.ਵੀ. ਪ੍ਰਧਾਨ (ਸੁਤੰਤਰ ਲੇਬਰ ਪਾਰਟੀ ਦੇ ਸਕੱਤਰ)
* ਮੁੱਖ ਬੁਲਾਰੇ: ਡਾ. ਬਾਬਾ ਸਾਹਿਬ ਅੰਬੇਡਕਰ
* ਹੋਰ ਪ੍ਰਮੁੱਖ ਹਾਜ਼ਰੀ: ਰਾਮਭਉ ਟਟਨੀਸ (ਸੁਤੰਤਰ ਲੇਬਰ ਪਾਰਟੀ ਦੇ ਵਿਧਾਇਕ ਅਤੇ ਸੰਪਾਦਕ)
* ਪ੍ਰਬੰਧਨ: ਸਮਾਗਮ ਦਾ ਪ੍ਰਬੰਧਨ ਜੀਓਸੀ ਸ਼੍ਰੀ ਧਿਆਲਕਰ ਦੀ ਅਗਵਾਈ ਹੇਠ ਸਮਤਾ ਸੈਨਿਕ ਦਲ ਦੁਆਰਾ ਕੀਤਾ ਗਿਆ ਸੀ।

## ਡਾ. ਅੰਬੇਡਕਰ ਦੇ ਭਾਸ਼ਣ ਦੇ ਮੁੱਖ ਵਿਸ਼ੇ

ਡਾ. ਅੰਬੇਡਕਰ ਦੇ ਭਾਸ਼ਣ ਨੂੰ ਤਿੰਨ ਮੁੱਖ ਥੀਮਾਂ ਵਿੱਚ ਵੰਡਿਆ ਜਾ ਸਕਦਾ ਹੈ: ਸੰਗਠਨਾਤਮਕ ਏਕਤਾ, ਫੰਡ ਇਕੱਠਾ ਕਰਨਾ, ਅਤੇ ਸਮਾਜਿਕ-ਰਾਜਨੀਤਿਕ ਤਰੱਕੀ।

1. ਸੰਗਠਨਾਤਮਕ ਏਕਤਾ ਅਤੇ ਜ਼ਿਲ੍ਹਾ-ਪੱਧਰੀ ਅੰਦੋਲਨ

ਇਹ ਉਨ੍ਹਾਂ ਦੇ ਭਾਸ਼ਣ ਦਾ ਸਭ ਤੋਂ ਮਹੱਤਵਪੂਰਨ ਅਤੇ ਸਿੱਧਾ ਸੰਦੇਸ਼ ਸੀ। ਉਨ੍ਹਾਂ ਨੇ ਅੰਦੋਲਨ ਨੂੰ ਮਜ਼ਬੂਤ ਕਰਨ ਲਈ ਕੇਂਦਰੀਕ੍ਰਿਤ ਢਾਂਚੇ ਦੀ ਵਕਾਲਤ ਕੀਤੀ।

* ਸਿੱਧਾ ਸੱਦਾ: ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ, "ਸਾਡੇ ਅੰਦੋਲਨ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜੋ ਜ਼ਿਲ੍ਹਾ ਪੱਧਰ 'ਤੇ ਅੰਦੋਲਨ ਚਲਾਇਆ ਜਾ ਰਿਹਾ ਹੈ, ਉਸ ਨੂੰ ਬੰਦ ਕਰਨਾ ਹੋਵੇਗਾ।"
* ਤਰਕ: ਉਨ੍ਹਾਂ ਨੇ ਇਸ ਸੱਦੇ ਪਿੱਛੇ ਦੋ ਮੁੱਖ ਕਾਰਨ ਦੱਸੇ:
  * ਕਮਜ਼ੋਰ ਹੁੰਦੀ ਤਾਕਤ: "ਇਸ ਤਰ੍ਹਾਂ ਜ਼ਿਲ੍ਹਾ ਪੱਧਰ 'ਤੇ ਕੰਮ ਕਰਨ ਨਾਲ ਸੰਗਠਨ ਸ਼ਕਤੀ ਕਮਜ਼ੋਰ ਪੈਂਦੀ ਹੈ।"
  * ਅੰਦਰੂਨੀ ਫੁੱਟ ਦਾ ਖ਼ਤਰਾ: "ਮੁਕਾਬਲੇਬਾਜ਼ੀ ਨਾਲ ਕੰਮ ਕੀਤੇ ਜਾਣ ਕਾਰਨ ਜ਼ਿਲ੍ਹਿਆਂ ਵਿਚਕਾਰ ਈਰਖਾ, ਸਾੜਾ ਪੈਦਾ ਹੋਣ ਦਾ ਡਰ ਰਹਿੰਦਾ ਹੈ।"
* ਅੰਤਿਮ ਸੰਦੇਸ਼: ਉਨ੍ਹਾਂ ਨੇ ਆਪਣੀ ਗੱਲ ਇਹ ਕਹਿ ਕੇ ਸਮਾਪਤ ਕੀਤੀ, "ਤੁਸੀਂ ਸਾਰੇ ਇੱਕ ਹੋ ਕੇ ਆਪਣੀ ਵੱਖਰੀ ਮਜ਼ਦੂਰ ਪਾਰਟੀ) ਦੀ ਲੜਾਈ ਨੂੰ ਸਫਲ ਬਣਾਓ। ਜ਼ਿਲ੍ਹੇ ਦੀ ਭਾਵਨਾ ਛੱਡੋ। ਅੱਜ ਇਹੀ ਮੇਰਾ ਤੁਹਾਡੇ ਲਈ ਸੰਦੇਸ਼ ਹੈ।"

2. ਇਮਾਰਤ ਫੰਡ ਅਤੇ ਸਰੋਤ ਜੁਟਾਉਣਾ

ਡਾ. ਅੰਬੇਡਕਰ ਨੇ ਅੰਦੋਲਨ ਲਈ ਇੱਕ ਭੌਤਿਕ ਬੁਨਿਆਦੀ ਢਾਂਚੇ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਇਸ ਲਈ ਫੰਡ ਇਕੱਠਾ ਕਰਨ ਦੀ ਅਪੀਲ ਕੀਤੀ।

* ਟੀਚਾ: ਉਨ੍ਹਾਂ ਨੇ ਦੱਸਿਆ ਕਿ "ਇਸ ਫੰਡ ਲਈ ਘੱਟੋ-ਘੱਟ ਦੋ ਲੱਖ ਰੁਪਏ ਜੋੜਨਾ ਜ਼ਰੂਰੀ ਹੈ।"
* ਨਿੱਜੀ ਵਚਨਬੱਧਤਾ: ਉਨ੍ਹਾਂ ਨੇ ਆਪਣੀ ਵਚਨਬੱਧਤਾ ਨੂੰ ਦਰਸਾਉਣ ਲਈ ਆਖਰੀ ਬਾਜੀਰਾਓ ਦੀ ਕਹਾਣੀ ਦਾ ਹਵਾਲਾ ਦਿੱਤਾ, ਜਿਸ ਨੇ ਇੱਕ ਭਿਖਾਰੀ ਨੂੰ ਸੰਤੁਸ਼ਟ ਹੋਣ ਤੱਕ ਉਸਦੇ ਸਿਰ 'ਤੇ ਰੁਪਏ ਪਾ ਕੇ ਦਾਨ ਦਿੱਤਾ ਸੀ। ਡਾ. ਅੰਬੇਡਕਰ ਨੇ ਕਿਹਾ, "ਮੈਂ ਚਾਹੇ ਜਿੰਨੇ ਮਰਜ਼ੀ ਕਸ਼ਟ ਝੱਲ ਕੇ ਆਪਣੇ ਸਿਰ 'ਤੇ ਰੁਪਏ ਸੁੱਟਵਾਉਣ ਲਈ ਤਿਆਰ ਹਾਂ।"
* ਫੰਡ ਇਕੱਠਾ ਕਰਨ ਦੀ ਰਣਨੀਤੀ: ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਇਸ ਵੱਡੇ ਟੀਚੇ ਨੂੰ ਪ੍ਰਾਪਤ ਕਰਨ ਲਈ ਨਿਮਰਤਾ ਅਤੇ ਲਗਨ ਦੀ ਲੋੜ ਹੈ: "ਭਿਖਸ਼ੂ-ਵਿੱਤੀ () ਨੂੰ ਸਵੀਕਾਰ ਕੀਤੇ ਬਿਨਾਂ ਇਸ ਇਮਾਰਤ ਫੰਡ ਦੀ ਪੂਰਤੀ ਹੋਣੀ ਸੰਭਵ ਨਹੀਂ ਹੈ।"
* ਸਥਾਨਕ ਯੋਗਦਾਨ ਦੀ ਸ਼ਲਾਘਾ: ਉਨ੍ਹਾਂ ਨੇ ਭਾਸ਼ਣ ਦੀ ਸ਼ੁਰੂਆਤ ਚੈਂਬੁਰ ਦੇ ਕਾਮਿਆਂ ਦੀ ਪ੍ਰਸ਼ੰਸਾ ਕਰਦਿਆਂ ਕੀਤੀ ਜਿਨ੍ਹਾਂ ਨੇ "ਵੱਡੇ ਪ੍ਰੇਮ ਅਤੇ ਆਸਥਾ ਨਾਲ ਇਮਾਰਤ ਫੰਡ ਲਈ ਰੁਪਿਆ ਇਕੱਠਾ ਕੀਤਾ।"

"ਇਕੁਐਲਿਟੀ ਐਂਡ ਜਸਟਿਸ"
"Equality and Justice" ਸੁਤੰਤਰਤਾ, ਸਮਾਨਤਾ, ਭਾਈਚਾਰਾ

## 3. ਸਮਾਜਿਕ ਤਰੱਕੀ ਅਤੇ ਰਾਜਨੀਤਿਕ ਪ੍ਰਤੀਨਿਧਤਾ

ਉਨ੍ਹਾਂ ਨੇ ਪਿਛਲੇ ਦਹਾਕੇ ਵਿੱਚ ਸਮਾਜ ਦੁਆਰਾ ਕੀਤੀ ਗਈ ਤਰੱਕੀ ਦਾ ਮੁਲਾਂਕਣ ਕੀਤਾ ਅਤੇ ਭਵਿੱਖ ਲਈ ਦਿਸ਼ਾ-ਨਿਰਦੇਸ਼ ਦਿੱਤੇ।

* ਪਿਛਲੇ ਹਾਲਾਤ (1926-1939): ਉਨ੍ਹਾਂ ਨੇ 1926 ਤੋਂ 1939 ਦਰਮਿਆਨ ਚੈਂਬੁਰ ਦੇ ਅਸਪ੍ਰਿਸ਼ ਕਾਮਿਆਂ ਦੇ ਜੀਵਨ ਦੀ "ਭਿਆਨਕਤਾ" ਦਾ ਵਰਣਨ ਕੀਤਾ। ਉਨ੍ਹਾਂ ਨੇ ਕਿਹਾ ਕਿ ਪੁਰਾਣੀ ਗੰਦੀ ਬਸਤੀ ਵਿੱਚ "ਇਨਸਾਨ ਅਤੇ ਕੂੜੇ ਵਿਚਕਾਰ ਕਦੇ ਭੇਦਭਾਵ ਦਿਖਾਈ ਨਹੀਂ ਦਿੰਦਾ ਸੀ।"
* ਮੌਜੂਦਾ ਸੁਧਾਰ: ਉਨ੍ਹਾਂ ਨੇ ਪਿਛਲੇ ਦਸ ਸਾਲਾਂ ਵਿੱਚ ਹੋਏ "ਕਾਫ਼ੀ ਤਸੱਲੀਬਖਸ਼ ਬਦਲਾਅ" ਨੂੰ ਸਵੀਕਾਰ ਕੀਤਾ। ਉਨ੍ਹਾਂ ਕਿਹਾ ਕਿ "ਸਿੱਖਿਆ ਸੁਧਾਰ ਆਦਿ ਮਾਮਲਿਆਂ ਕਾਰਨ ਆਪਣੇ ਸਮਾਜ ਵਿੱਚ ਹੋਇਆ ਸੁਧਾਰ ਸ਼ਲਾਘਾਯੋਗ ਹੈ।"
* ਸਿੱਖਿਆ 'ਤੇ ਜ਼ੋਰ: ਉਨ੍ਹਾਂ ਨੇ ਭਵਿੱਖ ਲਈ ਸਿੱਖਿਆ ਦੇ ਮਹੱਤਵ ਨੂੰ ਉਜਾਗਰ ਕਰਦਿਆਂ ਕਿਹਾ, "ਬੱਚਿਆਂ ਨੂੰ ਅੱਜ ਤੋਂ ਵੱਧ ਸਿੱਖਿਆ ਦਿਵਾਉਣ ਲਈ ਕੋਸ਼ਿਸ਼ਾਂ ਕਰਨੀਆਂ ਜ਼ਰੂਰੀ ਹਨ।"

### * ਰਾਜਨੀਤਿਕ ਲਾਭ:

* ਉਨ੍ਹਾਂ ਨੇ ਦਸ ਸਾਲ ਪਹਿਲਾਂ ਦੀ ਸਥਿਤੀ ਦੀ ਤੁਲਨਾ ਕੀਤੀ, ਜਦੋਂ ਕਾਮਿਆਂ ਦਾ ਕੋਈ ਸੰਗਠਨ ਨਹੀਂ ਸੀ ਅਤੇ ਨਗਰਪਾਲਿਕਾ ਵਿੱਚ ਕੋਈ ਪ੍ਰਤੀਨਿਧੀ ਨਹੀਂ ਸੀ।
* ਮੌਜੂਦਾ ਸਮੇਂ, ਸੁਤੰਤਰ ਲੇਬਰ ਪਾਰਟੀ ਦੇ "ਪੰਜ-ਛੇ ਪ੍ਰਤੀਨਿਧੀ" ਨਗਰਪਾਲਿਕਾ ਵਿੱਚ ਚੁਣੇ ਗਏ ਹਨ।

### * ਇੱਕ ਚੋਣ ਹਾਰ ਦਾ ਵਿਸ਼ਲੇਸ਼ਣ:

* ਉਨ੍ਹਾਂ ਨੇ ਗਣਪਤ ਬੁਵਾ ਜਾਧਵ ਦਾ ਜ਼ਿਕਰ ਕੀਤਾ, ਜੋ ਬਦਕਿਸਮਤੀ ਨਾਲ ਚੋਣ ਹਾਰ ਗਏ ਸਨ।
* ਉਨ੍ਹਾਂ ਨੇ ਜਾਧਵ ਦੀਆਂ ਕਾਬਲੀਅਤਾਂ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਅਤੇ ਉਨ੍ਹਾਂ ਦੀ ਹਾਰ ਦਾ ਕਾਰਨ "ਆਪਣੇ ਹੀ ਕੁਝ ਲੋਕਾਂ ਦੇ ਵਿਸ਼ਵਾਸਘਾਤ" ਨੂੰ ਦੱਸਿਆ, ਅਤੇ ਕਿਹਾ ਕਿ "ਇਹ ਗੱਲ ਵੀ ਮੈਂ ਕਦੇ ਨਹੀਂ ਭੁੱਲਾਂਗਾ।"
* ਉਨ੍ਹਾਂ ਨੇ ਚੋਣ ਖਰਚਿਆਂ ਦੀ ਭਰਪਾਈ ਲਈ ਜਾਧਵ ਨੂੰ "ਸੌ ਰੁਪਏ ਦੀ ਮਦਦ" ਦੇਣ ਲਈ ਸਥਾਨਕ ਕਾਮਿਆਂ ਦਾ ਧੰਨਵਾਦ ਕੀਤਾ।

# ਪੰਚਾਇਤ ਮੈਂਬਰਾਂ ਨੂੰ ਵੀ ਵਿਦੇਸ਼ ਜਾਣ ਲਈ ਸਰਕਾਰੀ ਕਰਮਚਾਰੀਆਂ ਵਾਂਗ ਪਰਮਿਸ਼ਨ ਲੈਣੀ ਪਵੇਗੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 14 ਨਵੰਬਰ
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਪੰਚ ਅਤੇ ਸਰਪੰਚ ਹੁਣ ਸਰਕਾਰੀ ਆਗਿਆ ਤੋਂ ਬਿਨਾਂ ਵਿਦੇਸ਼ ਨਹੀਂ ਜਾ ਸਕਣਗੇ। ਪੰਜਾਬ ਸਰਕਾਰ ਨੇ ਇਸ ਲਈ ਇੱਕ ਨਵੀਂ ਨੀਤੀ ਤਿਆਰ ਕੀਤੀ ਹੈ। ਇਸ ਪਿੱਛੇ ਸਰਕਾਰ ਦਾ ਇਰਾਦਾ ਇਹ ਹੈ ਕਿ ਉਨ੍ਹਾਂ ਦੇ ਜਾਣ ਤੋਂ ਬਾਅਦ ਪਿੱਛੇ ਪੰਚਾਇਤਾਂ ਦਾ ਕੰਮ ਪ੍ਰਭਾਵਿਤ ਨਾ ਹੋਵੇ। ਇਹ ਪ੍ਰਕਿਰਿਆ ਸਰਕਾਰੀ ਕਰਮਚਾਰੀਆਂ ਦੁਆਰਾ ਐਕਸ-ਇੰਡੀਆ ਲੀਵ 'ਤੇ ਜਾਣ ਵੇਲੇ ਅਪਣਾਈ ਜਾਂਦੀ ਪ੍ਰਕਿਰਿਆ ਵਰਗੀ ਹੋਵੇਗੀ। ਇਸੇ ਤਰ੍ਹਾਂ ਇਨ੍ਹਾਂ ਪੰਚਾਇਤ ਮੈਂਬਰਾਂ ਨੂੰ ਸਰਕਾਰੀ ਕਰਮਚਾਰੀਆਂ ਵਾਂਗ ਅਰਜ਼ੀ ਦੇਣੀ ਪਵੇਗੀ।


ਇਹ ਨਵੇਂ ਨਿਯਮ 13,000 ਤੋਂ ਵੱਧ ਸਰਪੰਚਾਂ 'ਤੇ ਲਾਗੂ ਹੋਣਗੇ। ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਇਸ ਸਬੰਧ ਵਿੱਚ ਸਾਰੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਧਿਕਾਰੀਆਂ ਨੂੰ ਆਦੇਸ਼ ਜਾਰੀ ਕੀਤੇ ਹਨ। ਆਦੇਸ਼ ਅਨੁਸਾਰ, ਜਦੋਂ ਇਹ ਚੁਣੇ ਹੋਏ ਮੈਂਬਰ ਵਿਦੇਸ਼ ਯਾਤਰਾ ਕਰਦੇ ਹਨ, ਤਾਂ ਇਸਦਾ ਪਿੰਡਾਂ ਦੇ ਕੰਮ 'ਤੇ ਪ੍ਰਭਾਵ ਪੈਂਦਾ ਹੈ। ਇਸ ਵੇਲੇ ਪੰਜਾਬ ਵਿੱਚ 13,228 ਸਰਪੰਚ ਹਨ, ਜਦੋਂ ਕਿ 83,000 ਤੋਂ ਵੱਧ ਪੰਚਾਇਤ ਮੈਂਬਰ ਹਨ। ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਇਹ ਬਲਾਕ ਕਮੇਟੀ ਮੈਂਬਰਾਂ ਅਤੇ ਜ਼ਿਲ੍ਹਾ ਚੇਅਰਮੈਨਾਂ 'ਤੇ ਲਾਗੂ ਹੋਵੇਗਾ ਜਾਂ ਨਹੀਂ।

ਪੰਚਾਇਤ ਅਧਿਕਾਰੀਆਂ ਦੇ ਅਨੁਸਾਰ, ਜਦੋਂ ਕੋਈ ਸਰਪੰਚ ਵਿਦੇਸ਼ ਜਾਂਦਾ ਹੈ, ਤਾਂ ਉਸਦੀ ਗੈਰਹਾਜ਼ਰੀ ਵਿੱਚ ਇੱਕ ਪੰਚ ਦੀ ਚੋਣ ਕੀਤੀ ਜਾਵੇਗੀ। ਜਾਣ 'ਤੇ, ਸਰਪੰਚ ਨੂੰ ਸਾਰੇ ਪੰਚਾਇਤ ਰਿਕਾਰਡ ਸਰਪੰਚ ਨੂੰ ਸੌਂਪ ਦਿੱਤੇ ਜਾਣਗੇ। ਵਾਪਸ ਆਉਣ 'ਤੇ, ਉਹ ਸਬੰਧਤ ਅਧਿਕਾਰੀ ਨੂੰ ਰਿਪੋਰਟ ਕਰੇਗਾ ਅਤੇ ਦੁਬਾਰਾ ਸ਼ਾਮਲ ਹੋਵੇਗਾ। ਜੇਕਰ ਉਹ ਆਪਣੀ ਛੁੱਟੀ ਵਧਾਉਣਾ ਚਾਹੁੰਦਾ ਹੈ, ਤਾਂ ਉਸਨੂੰ ਫ਼ੋਨ ਜਾਂ ਈਮੇਲ ਰਾਹੀਂ ਸਾਰੇ ਵੇਰਵੇ ਭੇਜਣੇ ਪੈਣਗੇ।

# ਬਿਜਲੀ ਨਿਗਮ 'ਚ ਭਰਤੀ ਹੋ ਰਹੇ ਸਹਾਇਕ ਲਾਈਨਮੈਨਾ ਨੂੰ ਨੇੜੇ ਦੇ ਸਟੇਸ਼ਨ ਦੇਣ ਲਈ ਏਟਕ ਵੱਲੋਂ ਚੀਫ ਇੰਜਨੀਅਰ ਨੂੰ ਮੰਗ ਪੱਤਰ

## ਪਰਾਲੀ ਜਲਾਉਣ ਤੋਂ ਰੋਕਣ ਲਈ ਲਗਾਈਆਂ ਡਿਊਟੀਆਂ ਦੀ ਮੰਗ 'ਤੇ ਤੁਰੰਤ ਕੀਤਾ ਫੋਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਨਵੰਬਰ
INTERNATIONAL PAPER, 94636 01616
hardipchumber57@gmail.com



ਲੁਧਿਆਣਾ 13 ਨਵੰਬਰ ( ) ਬਿਜਲੀ ਨਿਗਮ ਦੀ ਜੁਝਾਰੂ ਜਥੇਬੰਦੀ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਦਾ ਵਫਦ ਸੂਬਾ ਡਿਪਟੀ ਜਨਰਲ ਸਕੱਤਰ ਰਛਪਾਲ ਸਿੰਘ ਪਾਲੀ ਦੀ ਅਗਵਾਈ ਹੇਠ ਚੀਫ ਇੰਜਨੀਅਰ ਸ੍ਰ ਜਗਦੇਵ ਸਿੰਘ ਹਾਂਸ ਨੂੰ ਮਿਲਿਆ ਅਤੇ ਮੰਗ ਪੱਤਰ ਦਿੱਤਾ। ਜਿਸ ਵਿੱਚ ਵਫਦ ਨੇ ਸੀ ਆਰ ਏ 312/25 ਤਹਿਤ ਭਰਤੀ ਹੋ ਰਹੇ ਸਹਾਇਕ ਲਾਈਨਮੈਨਾ ਨੂੰ ਰਿਹਾਇਸ਼ ਦੇ ਨੇੜੇ ਸਟੇਸ਼ਨ ਦੇਣ ਦੀ ਮੰਗ ਤੋਂ ਇਲਾਵਾ ਪਰਾਲੀ ਸਾੜਨ ਤੋਂ ਰੋਕਣ ਲਈ ਬਿਜਲੀ ਮੁਲਾਜਮਾਂ ਦੀਆਂ ਲਗਾਈਆਂ ਜਾ ਰਹੀਆਂ ਡਿਊਟੀਆਂ 'ਤੇ ਰੋਕ ਲਗਾਉਣ ਦੀ ਮੰਗ ਵੀ ਕੀਤੀ। ਰਛਪਾਲ ਸਿੰਘ ਪਾਲੀ ਅਤੇ ਸੀਨੀਅਰ ਆਗੂ ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਦੱਸਿਆ ਕਿ ਇਸ ਮੁਲਾਕਾਤ ਦੌਰਾਨ ਸਾਡੇ ਵੱਲੋਂ ਨਵੇਂ ਭਰਤੀ ਹੋ ਰਹੇ ਸਹਾਇਕ ਲਾਈਨਮੈਨਾ ਦੀ ਨਿਯੁਕਤੀ ਦੇ ਇੱਕ ਅਜਿਹੇ ਮੁੱਦੇ ਨੂੰ ਮੰਗ ਬਣਾਇਆ ਗਿਆ ਹੈ ਜਿਸਨੂੰ ਜੇਕਰ ਸਮਾਂ ਰਹਿੰਦਿਆ ਦੂਰ ਕਰ ਦਿੱਤਾ ਗਿਆ ਤਾਂ ਏਨ੍ਹਾ ਨਵੇਂ ਭਰਤੀ ਹੋਏ ਸਹਾਇਕ ਲਾਈਨਮੈਨਾ ਨੂੰ ਵੱਡਾ ਲਾਭ ਮਿਲ ਸਕਦਾ ਹੈ। ਦੋਵਾਂ ਆਗੂਆਂ ਨੇ ਦੱਸਿਆ ਕਿ ਕਈ ਸਾਥੀ ਖ਼ਾਸ ਕਰ ਸੇਵਕ ਮੁਕਤ ਫੌਜੀ ਆਪਣੀ ਰਿਹਾਇਸ਼ ਤੋਂ ਦੂਰ ਹਨ, ਜੇਕਰ ਉਹ ਆਪਣੀ ਰਿਹਾਇਸ਼ ਦੇ ਨੇੜੇ ਚਲੇ ਜਾਣ ਤਾਂ ਉਨ੍ਹਾਂ ਨੂੰ ਵੱਡੀ ਰਾਹਤ ਮਿਲੇਗੀ। ਸਾਡੇ ਵੱਲੋਂ ਚੀਫ ਇੰਜੀਨੀਅਰ ਸ੍ਰ ਜਗਦੇਵ ਸਿੰਘ ਹਾਂਸ ਨੂੰ ਦੱਸਿਆ ਗਿਆ ਕਿ ਰਿਹਾਇਸ਼ ਦੇ ਨੇੜੇ ਡਵੀਜਨਾਂ ਅਤੇ ਸਬ ਡਵੀਜਨਾਂ ਦੀ ਸਹੀ ਵੰਡ ਹੋਣ ਕਾਰਨ ਐਮਰਜੈਂਸੀ ਵੇਲੇ ਨੇੜੇ ਦੇ ਮੁਲਾਜਮ ਨੂੰ ਡਿਊਟੀ ਉੱਤੇ ਬੁਲਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਪਰਾਲੀ ਸਾੜਨ ਤੋਂ ਰੋਕਣ ਲਈ ਬਿਜਲੀ ਮੁਲਾਜਮਾਂ ਦੀਆਂ ਲਗਾਈਆਂ ਡਿਊਟੀਆਂ ਬਾਰੇ ਉਨ੍ਹਾਂ ਤੁਰੰਤ ਫੋਨ ਕਰਕੇ ਮੰਗ ਨੂੰ ਪੂਰਾ ਕਰਨ ਦਾ ਭਰੋਸਾ ਦਿਵਾਇਆ। ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਵੱਲੋਂ ਲੁਧਿਆਣਾ ਨੂੰ ਜਿਆਦਾ ਸਹਾਇਕ ਲਾਈਨਮੈਨ ਦੇਣ ਦੀ ਮੰਗ ਵੀ ਕੀਤੀ ਗਈ। ਆਗੂਆਂ ਨੇ ਦੱਸਿਆ ਕਿ ਚੀਫ ਇੰਜਨੀਅਰ ਸ੍ਰ ਹਾਂਸ ਨੇ ਸਾਨੂੰ ਭਰੋਸਾ ਦਿੱਤਾ ਹੈ ਕਿ ਮੁਲਾਜਮਾਂ ਦੇ ਹਿੱਤ ਵਿੱਚ ਮੇਰੇ ਵੱਲੋਂ ਪਹਿਲਾਂ ਵੀ ਕੰਮ ਕੀਤਾ ਗਿਆ ਅਤੇ ਦੋਵਾਂ ਮੁੱਦਿਆਂ ਉੱਤੇ ਹੁਣ ਵੀ ਕੀਤਾ ਜਾਵੇਗਾ। ਇਸ ਮੌਕੇ ਹਰਵਿੰਦਰ ਸਿੰਘ ਲਾਲੂ ਜੋਨ ਕੇ ਕਨਵੀਨਰ, ਸੋਬਨ ਸਿੰਘ ਠਾਕੁਰ ਸਰਕਲ ਸਰਪ੍ਰਸਤ, ਸਤੀਸ਼ ਭਾਰਦਵਾਜ ਜੋਨ ਇੰਚਾਰਜ, ਪ੍ਰਧਾਨ ਜਸਵਿੰਦਰ ਸਿੰਘ ਕਾਕਾ ਪ੍ਰਧਾਨ, ਜਸਵਿੰਦਰ ਸਿੰਘ ਧੂਰੀ, ਪ੍ਰਧਾਨ ਗੁਰਮੁਖ ਸਿੰਘ, ਬਲਕਾਰ ਸਿੰਘ, ਦੀਪਕ ਕੁਮਾਰ, ਰਾਮ ਵਿਲਾਸ, ਰਾਕੇਸ਼, ਕਰਤਾਰ ਸਿੰਘ, ਲਖਵੀਰ ਸਿੰਘ, ਪ੍ਰਿੰਸ ਕੁਮਾਰ ਅਤੇ ਹੋਰ ਹਾਜ਼ਰ ਸਨ।

# ਪੰਜਾਬ ਯੂਨੀਵਰਸਿਟੀ ਪੰਜਾਬ,ਪੰਜਾਬੀਅਤ ਦੀ ਸ਼ਾਨ ਹੈ,ਸਰਕਾਰ ਸੈਨੇਟ ਚੋਣਾਂ ਜਲਦ ਕਰਾਕੇ ਸ਼ਾਂਤੀ ਬਹਾਲ ਕਰੇ : ਸੰਤ ਸਮਾਜ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਨਵੰਬਰ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ 13 ਨਵੰਬਰ ( ਤਰਸੇਮ ਦੀਵਾਨਾ ) - ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਅਤੇ ਆਲ ਇੰਡਿਆ ਆਦਿ ਧਰਮ ਮਿਸ਼ਨ (ਰਜਿ.)ਭਾਰਤ ਨੇ ਪੰਜਾਬ ਯੂਨੀਵਰਸਿਟੀ ਵਿਚ ਸੈਨੇਟ ਚੋਣਾਂ ਜਲਦ ਕਰਾਉਣ ਅਤੇ ਯੂਨੀਵਰਸਿਟੀ ਅੰਦਰ ਸ਼ਾਂਤੀ ਬਹਾਲ ਕਰਨ ਦੀ ਮੰਗ ਕਰਦਿਆਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਪੰਜਾਬ ਯੂਨੀਵਰਸਿਟੀ ਪੰਜਾਬ,ਪੰਜਾਬੀਅਤ ਦੀ ਸ਼ਾਨ ਹੈ,ਸਰਕਾਰ ਸੈਨੇਟ ਚੋਣਾਂ ਜਲਦ ਕਰਕੇ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨੂੰ ਧੁੰਦਲਾ ਹੋਣ ਤੋਂ ਬਚਾਵੇ। ਇਸ ਮੌਕੇ ਸੰਤ ਸਮਾਜ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਬਚਾਓ ਮੋਰਚੇ ਅਤੇ ਵਿਦਿਆਰਥੀਆਂ ਦਾ ਅੰਦੋਲਨ ਪੂਰੇ ਪੰਜਾਬ ਵਾਸੀਆਂ ਦਾ ਸੰਘਰਸ਼ ਹੈ ਇਸਦੀ ਸਫਲਤਾ ਸਿਰਫ ਇਕ ਅੰਦੋਲਨ ਦੀ ਨਹੀਂ, ਸਗੋਂ ਪੂਰੀ ਪੰਜਾਬੀਅਤ ਦੀ ਜਿੱਤ ਹੈ।

ਉਨਾਂ ਕਿਹਾ ਕਿ ਪੰਜਾਬੀ ਕੌਮ ਹਰ ਚੁਣੌਤੀ ਦਾ ਸਾਹਮਣਾ ਏਕਤਾ ਅਤੇ ਜੁਝਾਰੂਪਣ ਨਾਲ ਕਰਨਾ ਜਾਣਦੀ ਹੈ, ਇਸ ਲਈ ਸਰਕਾਰਾਂ ਨੂੰ ਵਿਦਿਆਰਥੀਆਂ ਦੇ ਸਬਰ , ਸਿਦਕ ਦਾ ਇਮਤਿਹਾਨ ਲਏ ਬਿਨਾਂ ਜਲਦ ਤੋਂ ਜਲਦ ਪੰਜਾਬ ਯੂਨੀਵਰਸਿਟੀ ਦੀਆਂ ਸੈਨੇਟ ਚੋਣਾਂ ਦਾ ਐਲਾਨ ਕਰਕੇ ਪੰਜਾਬ ਦੇ ਅਮਨ, ਸ਼ਾਂਤੀ ਤੇ ਭਾਈਚਾਰੇ ਦੇ ਮਾਹੌਲ ਨੂੰ ਕਾਇਮ ਰੱਖਣ ਲਈ ਪਹਿਲਕਦਮੀ ਕਰਨੀ ਚਾਹੀਦੀ ਹੈ। ਓਹਨਾਂ ਕਿਹਾ ਪੰਜਾਬ ਯੂਨੀਵਰਸਿਟੀ ਸਾਡੀ ਸ਼ਾਨ ਹੈ, ਇਸ 'ਤੇ ਪੰਜਾਬ ਦਾ ਹੱਕ ਅਟੱਲ ਹੈ। ਇਸ ਮੌਕੇ ਸੰਤ ਸਰਵਣ ਦਾਸ ਜੀ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ , ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ, ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡਿਆ ਆਦਿ ਧਰਮ ਮਿਸ਼ਨ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ, ਸੰਤ ਕੁਲਦੀਪ ਦਾਸ ਬਸੀ ਮਰੂਫ,ਬਾਬਾ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ ਅਤੇ "ਨਾਰੀ ਫਾਉਡੇਸ਼ਨ ਭਾਰਤ" ਤੋਂ ਇਲਾਵਾ ਕੌਮ ਦੇ ਪ੍ਰਚਾਰਕ, ਬੁੱਧੀਜੀਵੀ ਸਖਸ਼ੀਅਤਾਂ ਵੀ ਹਾਜਰ ਸਨ।

# ਸਾਨੂੰ ਬਸਪਾ ਦਾ ਸਾਥ ਪਹਿਲਾਂ ਵੀ ਦੇਣਾ ਚਾਹੀਦਾ ਸੀ ਅਤੇ ਹੁਣ ਵੀ ਦੇਣਾ ਚਾਹੀਦਾ ਹੈ- ਬਲਵੀਰ ਮੰਡ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਨਵੰਬਰ
INTERNATIONAL PAPER, 94636 01616
hardipchumber57@gmail.com

ਬੰਗਾ( ਚਰਨਜੀਤ ਸੱਲ੍ਹਾਂ )ਜਦੋਂ ਬਸਪਾ ਦੀ ਸਥਾਪਨਾ ਹੋਈ ਤਾਂ ਇਸ ਵਿੱਚ ਭਾਰਤ ਦੇਸ਼ ਦੇ ਦੱਬੇ ਕੁਚਲੇ ਸਮਾਜ ਦੇ ਅਨੇਕਾਂ ਲੋਕ ਇਸ ਲਹਿਰ ਨਾਲ ਜੁੜੇ ਅਤੇ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਪੂਰੇ ਦੇਸ਼ ਅੰਦਰ ਦੱਬੇ ਕੁਚਲੇ ਸਮਾਨ ਨੂੰ ਜਿੱਥੇ ਜਾਗਰਕ ਕੀਤਾ। ਉਥੇ ਨਾਲ ਹੀ ਇਸ ਸਮਾਜ ਦੇ ਅੰਦਰ ਜਜ਼ਬਾਤ ਪੈਦਾ ਕੀਤੇ ਉਹ ਜਜਬਾਤ ਜਿਹੜੇ ਆਪਣੇ ਸਮਾਜ ਦੀ ਮਾਨਸਿਕ ਆਰਥਿਕ ਅਤੇ ਸਰੀਰਕ ਗੁਲਾਮੀ ਦੀਆਂ ਬੇੜੀਆਂ ਨੂੰ ਕੱਟਣ ਜਿਸ ਵਿੱਚ ਸਮੇਂ ਸਮੇਂ ਤੇ ਬਹੁਜਨ ਸਮਾਜ ਪਾਰਟੀ ਦੇ ਵਰਕਰਾਂ ਨੇ ਅਨੇਕਾਂ ਤਰਹਾਂ ਦੇ ਅੰਦੋਲਨ ਕੀਤੇ ਅਤੇ ਸਮਾਜ ਤੇ ਹੁੰਦੇ ਤਸ਼ੱਦਦ ਰੋਕਣ ਵਿੱਚ ਵੀ ਕਾਫੀ ਹੱਦ ਤੱਕ ਸਫਲਤਾ ਪ੍ਰਾਪਤ ਕੀਤੀ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਸਮੇਂ ਸਮੇਂ ਤੇ ਵੱਖ ਵੱਖ ਨਾਰੇ ਦਿੱਤੇ ਜਿਨਾਂ ਨਾਰੇ ਵਿੱਚ (ਜੋ ਹਮਸੇ ਟਕਰਾਏਗਾ ਚੁਰ ਚੁਰ ਹੋ ਜਾਏਗਾ, ਜੋ ਜਮੀਨ ਸਰਕਾਰੀ ਹੈ ਹ ਬੋ ਜਮੀ ਹਮਾਰੀ ਹੈ, ਬਹੁਜਨ ਨੇ ਡਰਨਾ ਛੱਡ ਦਿਓ ਨੀਲਾ ਝੰਡਾ ਗੱਡ ਦਿਓ) ਇਹ ਨਾਰੇ ਮੁੱਖ ਸਨ। ਜੋ ਸਾਥੀਓ ਦੁਸ਼ਮਣ ਨੇ ਬਹੁਜਨ ਸਮਾਜ ਦੀ ਤਾਕਤ ਨੂੰ ਸਮਝਿਆ ਬਹੁਜਨ ਸਮਾਜ ਦੀ ਤਾਕਤ ਅੱਗੇ ਦੁਸ਼ਮਣ ਕਮਜ਼ੋਰ ਹੋਣ ਕਰਕੇ ਉਸ ਨੇ ਸਮੁੱਚੇ ਦੇਸ਼ ਅੰਦਰ ਬਹੁਜਨ ਸਮਾਜ ਨੂੰ ਵੰਡਣ ਵਿੱਚ ਚਾਣਕਿਆ ਨੀਤੀ ਦਾ ਰੋਲ ਅਦਾ ਕੀਤਾ। ਜੋ ਨਾਰਾ ਸੀ ਜੋ ਹਮਸੇ ਟਕਰਾਏਗਾ ਉਸ ਨਾਰੇ ਨੇ ਸਮੇਂ ਦੀਆਂ ਹਕੂਮਤਾਂ ਅੰਦਰ ਖੌਫ ਪੈਦਾ ਕੀਤਾ ਉਹਨਾਂ ਹਕੂਮਤਾਂ ਨੇ ਦਲਿਤ ਸਮਾਜ ਵਿੱਚੋਂ ਸਮੇਂ ਸਮੇਂ ਤੇ ਸੀਰੀ ਅਤੇ ਭਵੀਸ਼ਣ ਪੈਦਾ ਕੀਤੇ ਜਿਨਾਂ ਵੱਲੋਂ ਸਾਡੀ ਏਕਤਾ ਨੂੰ ਖਤਮ ਕਰਨ ਲਈ ਅਤੇ ਬਹੁਜਨ ਅੰਦੋਲਨ ਨੂੰ ਖਤਮ ਕਰਨ ਲਈ ਹਰ ਤਰ੍ਹਾਂ ਦਾ ਝੂਠ ਸੱਚ ਬੋਲਿਆ ਗਿਆ ਕਿਤੇ ਸਮਾਜ ਉਸ ਝੂਠ ਦੇ ਝਾਂਸੇ ਵਿੱਚ ਆ ਕੇ ਗੁਮਰਾਹ ਵੀ ਹੋਇਆ। ਇਸੇ ਤਰ੍ਹਾਂ ਜੋ ਨਾਰਾ ਸੀ ਜੋ ਮੀ ਸਰਕਾਰੀ ਹ ਬੋਝ ਵੀ ਹਮਾਰੀ ਹੈ। ਜਦੋਂ ਦੇਸ਼ ਦੀਆਂ ਸਰਮਾਏਦਾਰ ਪਾਰਟੀਆਂ ਨੂੰ ਇਸ ਚੀਜ਼ ਦਾ ਅਹਿਸਾਸ ਹੋਇਆ ਕਿ ਬਹੁਜਨ ਸਮਾਜ ਪਾਰਟੀ ਜੇਕਰ ਪੂਰੇ ਦੇਸ਼ ਅੰਦਰ ਸੱਤਾ ਪ੍ਰਾਪਤ ਕਰਦੀ ਹੈ ਤਾਂ ਉਹਨਾਂ ਜਮੀਨਾਂ ਨੂੰ ਜਰੂਰ ਪਟਿਆਂ ਦੇ ਨਾਂ ਤੇ ਕਿਰਤੀਆਂ ਕਾਮਿਆਂ ਵਿੱਚ ਯੂਪੀ ਦੀ ਤਰਜ ਦੇ ਬਣ ਸਕਦੀ ਹੈ। ਤਾਂ ਸਾਥੀਓ ਪੰਜਾਬ ਦੀ ਕਾਂਗਰਸ ਅਤੇ ਅਕਾਲੀ ਦਲ ਨੇ ਆਪਸੀ ਸਹਿਮਤੀ ਨਾਲ ਪਿੰਡਾਂ ਬਿਜਲੀ ਹੇਠਲੀ ਲੀਡਰਸ਼ਿਪ ਦੇ ਤਹਿਤ ਪਿੰਡਾਂ ਦੀਆਂ ਅਨੇਕਾਂ ਪੰਚਾਇਤ ਜਮੀਨਾਂ ਵੇਚੀਆਂ ਗਈਆਂ। ਸਰਮਾਏਦਾਰ ਜਮਾਤ ਹਮੇਸ਼ਾ ਹਾਕਮ ਬਣ ਕੇ ਰਹਿਣਾ ਪਸੰਦ ਕਰਦੀ ਹੈ। ਜਿਨਾਂ ਲੋਕਾਂ ਦੀ ਖਾਤਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਇਹ ਨਾਰੇ ਦਿੱਤੇ ਸੀ ਉਹ ਸਮਾਜ ਅਜੇ ਵੀ ਇਹਨਾਂ ਸਰਕਾਰਾਂ ਦੀਆਂ ਸਰਮਾਏਦਾਰਾਂ ਦੀਆਂ ਨੀਤੀਆਂ ਨੂੰ ਨਹੀਂ ਸਮਝ ਸਕਿਆ ਜਿਸ ਕਾਰਨ ਗਰੀਬ ਹੋਰ ਗਰੀਬ ਅਮੀਰ ਹੋ ਰਿਹਾ। ਇਸੇ ਤਰ੍ਹਾਂ ਜੋ ਤੀਸਰਾ ਨਰਾ ਸੀ ਇਹ ਦਲ ਤੋਂ ਡਰਨਾ ਛੱਡ ਦਿਓ ਨੀਲਾ ਝੰਡਾ ਕੱਢ ਦਿਓ। ਅੱਜ ਦੇਸ਼ ਅੰਦਰ ਅਨੇਕਾਂ ਤਰ੍ਹਾਂ ਦੇ ਲੀਡਰ ਪੈਦਾ ਕੀਤੇ ਗਏ ਜਿਨਾਂ ਵੱਲੋਂ ਨੀਲੇ ਰੰਗ ਦੇ ਝੰਡੇ ਨੂੰ ਹੀ ਆਪਣੀਆਂ ਰਾਜਨੀਤਿਕ ਅਤੇ ਸਮਾਜਿਕ ਸੰਗਠਨਾ ਜੋ ਉਹਨਾਂ ਬਣਾਏ ਨੇ ਬਣਾ ਕੇ ਹੀ ਲੋਕਾਂ ਵਿੱਚ ਵਿਚਰ ਰਹੇ ਨੇ ਜਿਸ ਦਾ ਮੁੱਖ ਉਦੇਸ਼ ਸਮਾਜ ਨੂੰ ਕਮਜ਼ੋਰ ਕਰਨਾ ਹੈ ਨਾ ਕਿ ਸਮਾਜ ਦੇ ਹੱਕਾਂ ਤੇ ਰਾਖੀ ਕਰਨਾ। ਅੱਜ ਵੀ ਦੇਸ਼ ਅੰਦਰ ਬਹੁਜਨ ਸਮਾਜ ਪਾਰਟੀ ਤੀਸਰੇ ਨੰਬਰ ਦੀ ਰਾਸ਼ਟਰੀ ਪਾਰਟੀ ਹੈ ਜਿਸ ਨੂੰ ਕਮਜ਼ੋਰ ਕਰਨ ਲਈ ਐਨਡੀਏ ਗਠਬੰਧਨ ਅਤੇ ਇੰਡੀਆ ਗਠਬੰਧਨ ਦਾ ਇੱਕ ਦੂਜੇ ਤੋਂ ਵਧ ਗਈ ਜ਼ੋਰ ਲੱਗਿਆ ਕੁਝ ਲੋਕ ਅੱਜ ਵੀ ਇੰਡੀਆ ਗਠਬੰਧਨ ਨੂੰ ਵਧੀਆ ਗਠਨ ਮੰਨ ਕੇ ਚੱਲ ਰਹੇ ਨੇ ਪਰ ਜਦੋਂ ਇਸ ਦੀ ਲੀਡਰਸ਼ਿਪ ਦੇ ਭਾਰਤ ਦੇਸ਼ ਦੇ ਸ਼ਡਿਊਲ ਕਾਸਟ ਲੋਕਾਂ ਪ੍ਰਤੀ ਬਿਆਨ ਦੇਖਦੇ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਜਿਹੜੇ ਲੋਕ ਕਾਂਗਰਸ ਪੱਖੀ ਸੋਚ ਰੱਖਦੇ ਉਹ ਵੀ ਕਿਤੇ ਉਹਨਾਂ ਸਰਮਾਏਦਾਰਾਂ ਦੇ ਹੁਕਮਾਂ ਦੇ ਬਜੇ ਹੋਏ ਸਮਾਜ ਨੂੰ ਗੁਮਰਾਹ ਕਰਨ ਲਈ ਕੰਮ ਤਾਂ ਨਹੀਂ ਕਰ ਰਹੇ ਹੁਣ ਇਹ ਸੋਚਣਾ ਜਰੂਰੀ ਹੋ ਗਿਆ। ਆਓ ਬਾਰ ਬਾਰ ਕਾਂਗਰਸ ਕੋਲੋਂ ਜਲੀਲ ਹੋਣ ਦੀ ਬਜਾਏ ਸਮੁੱਚੇ ਭਾਰਤ ਅੰਦਰ ਸਮਤਾ ਸਮਾਨਤਾ ਅਤੇ ਭਾਈਚਾਰੇ ਦਾ ਉਦੇਸ਼ ਲੈ ਕੇ ਚੱਲਣ ਵਾਲੀ ਧਿਰ ਬਹੁਜਨ ਸਮਾਜ ਪਾਰਟੀ ਦਾ ਸਾਥ ਦਈਏ। ਇਹ ਸ਼ਬਦ ਬਲਵੀਰ ਮੰਡ ਨੇ ਕਹੇ।

# ਬਿਜਲੀ ਮੁਲਾਜ਼ਮ ਸੰਘਰਸ਼ਸ਼ੀਲ ਮੋਰਚੇ ਵੱਲੋ 16 ਨਵੰਬਰ ਦੇ ਧੂਰੀ ਧਰਨੇ ਵਿੱਚ ਵੱਡੇ ਪੱਧਰ ਤੇ ਸਮੂਲੀਅਤ ਕੀਤੀ ਜਾਵੇਗੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਨਵੰਬਰ
INTERNATIONAL PAPER, 94636 01616
hardipchumber57@gmail.com



ਪ ਟਿ ਆ ਲਾ (13.11.2025) ਬਿਜਲੀ ਮੁਲਾਜ਼ਮ ਸੰਘਰਸ਼ਸ਼ੀਲ ਮੋਰਚੇ ਵੱਲੋਂ ਅੱਜ ਪਟਿਆਲਾ ਵਿਖੇ ਕੀਤੀ ਗਈ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਪੰਜਾਬ ਦੇ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝੇ ਮੰਚ ਵੱਲੋਂ ਡੀ.ਏ. ਅਤੇ ਹੋਰ ਮੰਗਾਂ ਨੂੰ ਲੈ ਕੇ ਮਿਤੀ 16.11.2025 ਨੂੰ ਧੂਰੀ ਵਿਖੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਵਿੱਚ ਵੱਡੇ ਪੱਧਰ ਤੇ ਸਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮੋਰਚੇ ਦੇ ਸਕੱਤਰ ਸ੍ਰੀ ਅਵਤਾਰ ਸਿੰਘ ਕੈਂਥ ਅਤੇ ਹੋਰ ਆਗੂਆਂ ਸਰਵ ਸ੍ਰੀ ਕਰਮਜੀਤ ਸਿੰਘ ਸਿੱਧੂ, ਕਰਮਚੰਦ ਭਾਰਦਵਾਜ, ਸ੍ਰੀ ਰਮਨਦੀਪ ਸਿੰਘ ਚੰਨਾ, ਸ੍ਰੀ ਜਗਰੂਪ ਸਿੰਘ ਮਹਿਮਦਪੁਰ, ਗੁਰਵਿੰਦਰ ਸਿੰਘ ਗੁਰੂ, ਸੁਰਿੰਦਰ ਕੁਮਾਰ, ਅਮਿਤ ਕੁਮਾਰ, ਅਸ਼ੋਕ ਕੁਮਾਰ ਕੁੰਡਲ, ਕੁਲਵਿੰਦਰ ਨਥੇਹਾ ,ਸੁਰਿੰਦਰ ਧਰਾਂਗਵਾਲਾ, ਸੰਜੀਵ ਕੁਮਾਰ, ਨਰਿੰਦਰ ਸਿੰਘ ਕਲਸੀ ਵੱਲੋਂ ਦੱਸਿਆ ਗਿਆ ਕਿ ਅੱਜ ਭਾਰਤ ਦੇ ਅਨੇਕਾਂ ਰਾਜਾਂ ਅੰਦਰ ਸਰਕਾਰੀ ਮੁਲਾਜ਼ਮ 58# ਡੀ.ਏ. ਲੈ ਰਹੇ ਹਨ ਜਦੋ ਕਿ ਪੰਜਾਬ ਦੇ ਮੁਲਾਜ਼ਮਾਂ ਨੂੰ ਸਿਰਫ 42# ਡੀ.ਏ. ਦਿੱਤਾ ਜਾ ਰਿਹਾ ਹੈ ਇਸ ਤਰਾਂ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਮੁਲਾਜ਼ਮਾਂ ਦਾ 16# ਡੀ.ਏ. ਰੋਕਿਆ ਹੋਇਆ ਹੈ, ਜਿਸਦੀ ਆਗੂਆਂ ਵੱਲੋਂ ਸ਼ਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਅਤੇ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਜ਼ ਨਾਲ ਮਿਲ ਕੇ ਮਿਤੀ 16 ਨਵੰਬਰ ਨੂੰ ਧੂਰੀ ਵਿਖੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਵਿੱਚ ਵੱਡੇ ਪੱਧਰ ਤੇ ਸਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ

ਇਸ ਤੇ ਮੋਰਚੇ ਵੱਲੋਂ ਪੰਜਾਬ ਸਰਕਾਰ ਨੂੰ ਚਿਤਾਵਨੀ ਵੀ ਜਾਰੀ ਕੀਤੀ ਗਈ ਕਿ ਜੇਕਰ ਬਿਜਲੀ ਨਿਗਮਾਂ ਦੀਆਂ ਜ਼ਮੀਨਾਂ ਵੇਚਣ ਦੀਆਂ ਕਾਰਵਾਈਆਂ ਤੁਰੰਤ ਨਾ ਰੋਕੀਆਂ ਗਈਆਂ ਤਾਂ ਵੱਡੇ ਪੱਧਰ ਤੇ ਇਸਦਾ ਸਮੁੱਚੇ ਬਿਜਲੀ ਕਾਮੇ ਵਿਰੋਧ ਕਰਨਗੇ । ਜਿਸਦੀ ਸਾਰੀ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ ।

# ਲਾਇਨਜ ਕਲੱਬ ਸੰਗਰੂਰ ਗ੍ਰੇਟਰ ਨੇ ਬਿਰਧ ਆਸ਼ਰਮ ਵਿਖੇ ਬਜ਼ੁਰਗਾਂ ਲਈ ਲਗਾਇਆ ਲੰਗਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਨਵੰਬਰ
INTERNATIONAL PAPER, 94636 01616
hardipchumber57@gmail.com



ਸੰਗਰੂਰ,13 ਨਵੰਬਰ (ਜਗਸੀਰ ਲੌਂਗੋਵਾਲ)- ਲਾਇਨਜ ਕਲੱਬ ਸੰਗਰੂਰ ਗ੍ਰੇਟਰ ਵੱਲੋਂ ਮਾਨਵਤਾ ਦੀ ਸੇਵਾ ਦੇ ਮੰਤਵ ਨਾਲ ਡਾ. ਨਰਿੰਦਰ ਸਿੰਘ ਸਿੱਧੂ ਬਿਰਧ ਆਸ਼ਰਮ ਬਡਰੁੱਖਾਂ, ਜਿਲਾ ਸੰਗਰੂਰ ਵਿਖੇ ਆਸ਼ਰਮ ਵਿਚ ਰਹਿਣ ਵਾਲੇ ਬਜ਼ੁਰਗਾਂ ਲਈ ਲੰਗਰ ਦਾ ਪ੍ਰੋਜੈਕਟ ਲਗਾਇਆ ਗਿਆ। ਇਸ ਪ੍ਰੋਜੈਕਟ ਉਪਰ ਆਉਣ ਵਾਲੇ ਖਰਚ ਨੂੰ ਸ੍ਰੀ ਸਤਪਾਲ ਸਿੰਘ ਲਵਲੀ ਕਲੱਬ ਸਕੱਤਰ ਵਲੋਂ ਸਪਾਂਸਰ ਕੀਤਾ ਗਿਆ। ਇਸ ਪ੍ਰਜੈਕਟ ਵਿੱਚ ਐਮ.ਜੇ. ਐਫ ਲਾਇਨ ਸੁਖਵਿੰਦਰ ਸਿੰਘ ਭੱਠਲ, ਲਾਇਨ ਵਿਨੋਦ ਕੁਮਾਰ ਦੀਵਾਨ, ਲਾਇਨ ਪ੍ਰਿਤਪਾਲ ਸਿੰਘ, ਲਾਇਨ ਜਗਨਨਾਥ ਗੋਇਲ, ਲਾਇਨ ਜਸਪਾਲ ਸਿੰਘ ਰਤਨ, ਲਾਇਨ ਚਮਨ ਸਦਾਨਾ, ਲਾਇਨ ਕਮਲ ਨਰੇਸ਼ ਮਿੱਤਲ, ਲਾਇਨਡ ਰਾਜਵਿੰਦਰ ਕੌਰ, ਲਾਇਨਡ ਨੀਲਮ ਮਿੱਤਲ, ਗੁਰਲਵਲੀਨ ਸਿੰਘ ਅਤੇ ਐਡੀ ਅਨੀਤੇਜ ਸਿੰਘ ਹਾਜ਼ਰ ਹੋਏ।

“Equality and justice”
Patiala 14 November
INTERNATIONAL PAPER, 94636 01616
hardipchumber57@gmail.com

# ਟਰੰਪ ਦੇ ਦੌਰ ਵਿੱਚ ਜ਼ੋਹਰਾਨ ਮਮਦਾਨੀ ਦੀ ਜਿੱਤ

-ਬੂਟਾ ਸਿੰਘ ਮਹਿਮੂਦਪੁਰ

**[ਡੈਮੋਕਰੇਟ ਸੋਸ਼ਲਿਸਟ ਜ਼ੋਹਰਾਨ ਮਮਦਾਨੀ ਦਾ ਨਿਊ ਯਾਰਕ ਸਿਟੀ ਦਾ ਮੇਅਰ ਬਣਨਾ ਵੱਡੇ ਮਹੱਤਵ ਵਾਲੀ ਘਟਨਾ ਹੈ। ਇਸ ਜਿੱਤ ਦੇ ਅਮਰੀਕਾ ਦੇ ਲੋਕਾਂ ਅਤੇ ਦੁਨੀਆ ਦੇ ਲੋਕਾਂ ਲਈ ਕੀ ਮਾਇਨੇ ਹਨ? ਕੀ ਮਮਦਾਨੀ ਦੀ ਜਿੱਤ ਡੈਮੋਕਰੇਟ ਕੈਂਪ ਵਿਚ ਟਰੰਪ ਵਿਰੁੱਧ ਜੂਝਣ ਲਈ ਨਵਾਂ ਜੋਸ਼ ਅਤੇ ਉਤਸ਼ਾਹ ਭਰ ਸਕੇਗੀ? ਡੈਮੋਕਰੇਟ ਸਿਆਸਤ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਕੀ ਹਨ। ਇਨ੍ਹਾਂ ਕੁਝ ਸਵਾਲਾਂ ਦੀ ਚਰਚਾ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਵੱਲੋਂ ਆਪਣੀ ਇਸ ਟਿੱਪਣੀ ਵਿਚ ਕੀਤੀ ਗਈ ਹੈ।-ਸੰਪਾਦਕ]**

ਪਿਛਲੇ ਦਿਨੀਂ ਡੈਮੋਕਰੇਟ ਸੋਸ਼ਲਿਸਟ ਜ਼ੋਹਰਾਨ ਮਮਦਾਨੀ ਨੇ ਸਾਬਕਾ ਗਵਰਨਰ ਐਂਡਰਿਊ ਕੂਓਮੋ ਅਤੇ ਰਿਪਬਲਿਕਨ ਕਰਟਿਸ ਸਲੀਵਾ ਨੂੰ ਹਰਾਕੇ ‘ਆਲਮੀ ਵਿਤੀ ਸਰਮਾਏ ਦੀ ਰਾਜਧਾਨੀ’ ਨਿਊ ਯਾਰਕ ਸਿਟੀ ਦਾ ਸਭ ਤੋਂ ਛੋਟੀ ਉਮਰ ਦਾ ਮੇਅਰ ਬਣਨ ਦਾ ਰਿਕਾਰਡ ਬਣਾਇਆ ਹੈ। ਮਮਦਾਨੀ ਮੁਸਲਮਾਨ ਹੈ ਜਿਸਨੇ ਯੂਗਾਂਡਾ ਵਿਚ ਭਾਰਤੀ ਮਾਪਿਆਂ ਦੇ ਘਰ ਜਨਮ ਲਿਆ। 34 ਸਾਲਾ ਮਮਦਾਨੀ ਸ਼ਹਿਰ ਦਾ ਪਹਿਲਾ ਮੁਸਲਮਾਨ ਅਤੇ ਦੱਖਣੀ ਏਸ਼ੀਆਈ ਮੂਲ ਦਾ ਪਹਿਲਾ ਮੇਅਰ ਹੈ। ਮਮਦਾਨੀ ਨੂੰ 50.6% ਵੋਟਾਂ ਮਿਲੀਆਂ, ਜਦਕਿ ਕੂਓਮੋ ਨੂੰ 41.2% ਵੋਟਾਂ ਮਿਲੀਆਂ। ਕੋਵਿਡ ਮਹਾਮਾਰੀ ਦੌਰਾਨ ਘੁਟਾਲਿਆਂ ਅਤੇ ਔਰਤਾਂ ਨਾਲ ਜਿਨਸੀ ਛੇੜਛਾੜ ਦੇ ਦੋਸ਼ਾਂ ਨਾਲ ਦਾਗ਼ੀ ਕੂਓਮੋ ਟਰੰਪ ਅਤੇ ਕਾਰਪੋਰੇਟ ਸਰਮਾਏਦਾਰੀ ਦਾ ਚਹੇਤਾ ਉਮੀਦਵਾਰ ਸੀ। ਫਿਰ ਵੀ, ਆਮ ਲੋਕਾਂ ਲਈ ਕਿਫ਼ਾਇਤੀ ਸਹੂਲਤਾਂ ਅਤੇ ਮਜ਼ਦੂਰ ਵਰਗ ਦੇ ਮੁੱਦਿਆਂ ’ਤੇ ਕੇਂਦਰਿਤ ਮਮਦਾਨੀ ਦੀ ਮੁਹਿੰਮ ਵੋਟਰਾਂ ਦਾ ਧਿਆਨ ਖਿੱਚਣ ’ਚ ਸਫ਼ਲ ਰਹੀ। ਉਸਨੂੰ ਵਿਰੋਧੀਆਂ ਦੇ ਘੋਰ ਨਸਲਵਾਦੀ ਅਤੇ ਇਸਲਾਮੋਫੋਬਿਕ ਜ਼ਹਿਰੀਲੇ ਹਮਲੇ ਝੱਲਣੇ ਪਏ ਪਰ ਆਖ਼ਿਰਕਾਰ ਉਹ ਜਨ-ਸੰਖਿਆ ਦੀਆਂ ਵੰਡਾਂ ਤੋਂ ਪਾਰ ਵੋਟਾਂ ਹਾਸਲ ਕਰਕੇ ਵਿਰੋਧੀਆਂ ਨੂੰ ਮਾਤ ਦੇਣ ’ਚ ਸਫ਼ਲ ਹੋ ਗਿਆ।

ਉਸ ਵੱਲੋਂ ਤਜਵੀਜ਼ ਕੀਤੀਆਂ ਨੀਤੀਆਂ ਦਾ ਵੋਟ ਨਤੀਜਿਆਂ ਉੱਪਰ ਸਪਸ਼ਟ ਪ੍ਰਭਾਵ ਹੈ। ਉਸ ਨੇ ਉਨ੍ਹਾਂ ਸ਼ਿਕਾਇਤਾਂ ਨੂੰ ਮੁਖ਼ਾਤਿਬ ਹੋਕੇ ਠੋਸ ਨੀਤੀ ਪੇਸ਼ ਕੀਤੀ ਜਿਨ੍ਹਾਂ ਕਾਰਨ ਕਿਰਤੀ ਜਮਾਤ ਨੇ ਟਰੰਪ ਨੂੰ ਵੋਟ ਪਾਈ ਸੀ। ਮਮਦਾਨੀ ਨੇ ਕਿਰਾਏ ਨਾ ਵਧਾਏ ਜਾਣ ਦੀ ਲਾਗੂ ਕਰਨ, ਪਬਲਿਕ ਰਾਸ਼ਨ ਦੀਆਂ ਦੁਕਾਨਾਂ (ਗਰੌਸਰੀ ਸਟੋਰ) ਖੋਲ੍ਹਣ, ਬੱਚਿਆਂ ਦੀ ਸਰਵਵਿਆਪਕ ਦੇਖਭਾਲ ਵਿਵਸਥਾ ਦਾ ਵਿਸਤਾਰ ਕਰਨ, ਮੁਫ਼ਤ ਬੱਸਾਂ ਸ਼ੁਰੂ ਕਰਨ ਅਤੇ ਸਸਤੇ ਘਰ ਤੱਕ ਪਹੁੰਚ ਵਧਾਉਣ ਦਾ ਵਾਅਦਾ ਕੀਤਾ ਹੈ। ਇਨ੍ਹਾਂ ਵਾਅਦਿਆਂ ਨੂੰ ਅਮਲੀ ਰੂਪ ਦੇਣ ਲਈ ਉਸਨੇ ਕਾਰਪੋਰੇਟ ਟੈਕਸਾਂ ’ਚ ਵਾਧਾ ਕਰਨ ਅਤੇ ਕਰੋੜਪਤੀਆਂ ਉੱਪਰ ਹੋਰ ਟੈਕਸ ਲਾਉਣ ਦੀ ਤਜਵੀਜ਼ ਪੇਸ਼ ਕੀਤੀ ਹੈ। ਨਿਊ ਯਾਰਕ ਟਾਈਮਜ਼ ਦੁਆਰਾ ਚੋਣਾਂ ਤੋਂ ਬਾਅਦ ਪ੍ਰਕਾਸ਼ਿਤ ਅੰਕੜੇ ਦੱਸਦੇ ਹਨ ਕਿ ਉਨ੍ਹਾਂ ਵੋਟਰਾਂ ਨੇ ਬਹੁਗਿਣਤੀ ’ਚ ਮਮਦਾਨੀ ਦੀ ਹਮਾਇਤ ਕੀਤੀ ਜੋ ਕਿਰਾਏ ਦੇ ਰਿਹਾਇਸ਼ੀ ਮਕਾਨਾਂ ਵਿਚ ਰਹਿੰਦੇ ਹਨ (57%) ਅਤੇ ਜੋ ਪਬਲਿਕ ਆਵਾਜਾਈ ਸੇਵਾਵਾਂ ਉੱਪਰ ਸਫ਼ਰ ਕਰਦੇ ਹਨ (62%)। ਜਦਕਿ ਜਿਨ੍ਹਾਂ ਲੋਕਾਂ ਕੋਲ ਆਪਣੇ ਮਕਾਨ ਹਨ ਅਤੇ ਜੋ ਕਾਰਾਂ ਉੱਪਰ ਸਫ਼ਰ ਕਰਦੇ ਹਨ, ਉਨ੍ਹਾਂ ਵਿੱਚੋਂ ਅੱਧਿਓਂ ਵੱਧ ਨੇ ਕੂਓਮੋ ਨੂੰ ਵੋਟ ਪਾਈ।

ਸਾਰੇ ਕਾਰਪੋਰੇਟ ਮਮਦਾਨੀ ਵਿਰੁੱਧ ਇਕਜੁੱਟ ਸਨ। ਡੋਨਲਡ ਟਰੰਪ ਅਤੇ ਐਲਨ ਮਸਕ ਨੇ ਐਂਡਰਿਊ ਕੂਓਮੋ ਦੀ ਸਿੱਧੇ ਤੌਰ ’ਤੇ ਹਮਾਇਤ ਕੀਤੀ। ਟਰੰਪ ਨੇ ਕਿਹਾ: ਉਸੇ ਨੂੰ ਵੋਟ ਪਾਓ, ਉਹ ਸ਼ਾਨਦਾਰ ਕੰਮ ਕਰੇਗਾ। ਟਰੰਪ ਨੇ ਇੱਥੋਂ ਤੱਕ ਕਿਹਾ ਕਿ “ਜੇ ਕਮਿਊਨਿਸਟ ਉਮੀਦਵਾਰ ਜ਼ੋਹਰਾਨ ਮਮਦਾਨੀ ਨਿਊ ਯਾਰਕ ਸ਼ਹਿਰ ਦੀ ਮੇਅਰ ਚੋਣ ਜਿੱਤ ਜਾਂਦਾ ਹੈ, ਤਾਂ ਇਹ ਬਹੁਤ ਹੀ ਅਸੰਭਵ ਹੈ ਕਿ ਮੈਂ ਆਪਣੇ ਪਿਆਰੇ ਪਹਿਲੇ ਘਰ (ਨਿਊ ਯਾਰਕ) ਨੂੰ ਜ਼ਰੂਰਤ ਅਨੁਸਾਰ ਘੱਟੋਘੱਟ ਰਾਸ਼ੀ ਤੋਂ ਵੱਧ ਕੋਈ ਫੈਡਰਲ ਫੰਡ ਦੇ ਸਕਾਂਗਾ, ਇਸ ਤੱਥ ਦੇ ਕਾਰਨ ਕਿ ਬਤੌਰ ਕਮਿਊਨਿਸਟ, ਮਹਾਨ ਸ਼ਹਿਰ ਦੇ ਸਫ਼ਲ ਹੋਣ, ਜਾਂ ਇੱਥੋਂ ਤੱਕ ਕਿ ਬਚ ਸਕਣ ਦੀ ਵੀ ਜ਼ੀਰੋ ਸੰਭਾਵਨਾ ਹੈ!” ਉਸ ਨੇ ਅੱਗੇ ਕਿਹਾ: “ਮੈਂ ਇਕ ਅਜਿਹੇ ਡੈਮੋਕ੍ਰੇਟ ਨੂੰ ਜਿੱਤਦੇ ਦੇਖਣਾ ਪਸੰਦ ਕਰਾਂਗਾ, ਜਿਸ ਕੋਲ ਸਫ਼ਲਤਾ ਦਾ ਰਿਕਾਰਡ ਹੈ, ਨਾ ਕਿ ਇਕ ਅਜਿਹੇ ਕਮਿਊਨਿਸਟ ਨੂੰ ਜਿਸ ਕੋਲ ਕੋਈ ਤਜਰਬਾ ਨਹੀਂ ਹੈ ਅਤੇ ਜਿਸਦਾ ਰਿਕਾਰਡ ਪੂਰੀ ਤਰ੍ਹਾਂ ਨਾਕਾਮੀਆਂ ਨਾਲ ਭਰਿਆ ਹੈ।” ਟਰੰਪ ਦੀ ਧਮਕੀ ਸਪਸ਼ਟ ਸੀ: ਜੇਕਰ ਮਮਦਾਨੀ ਜਿੱਤਿਆ ਤਾਂ ਉਹ ਨਿਊ ਯਾਰਕ ਲਈ ਫੈਡਰਲ ਫੰਡ ਰੋਕ ਦੇਵੇਗਾ। ਟਰੰਪ ਨੇ ਪਹਿਲੇ ਅਮਰੀਕੀ ਹਾਕਮਾਂ ਵੱਲੋਂ ਬਣਾਏ ਕਮਿਊਨਿਜ਼ਮ ਦੇ ਹਊਏ ਦਾ ਚਲਾਕੀ ਨਾਲ ਲਾਹਾ ਲੈਣ ਲਈ ਮਮਦਾਨੀ ਨੂੰ ਕਮਿਊਨਿਸਟ ਕਹਿਕੇ ਭੰਡਿਆ ਜਦਕਿ ਉਸਦਾ ਕਮਿਊਨਿਜ਼ਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਇਕ ਪਾਸੇ ਟਰੰਪ ਹਮਲੇ ਕਰ ਰਿਹਾ ਸੀ, ਦੂਜੇ ਪਾਸੇ ਮਮਦਾਨੀ ਨੂੰ ਸਾਰੇ ਡੈਮੋਕਰੇਟਾਂ ਆਗੂਆਂ ਦੀ ਹਮਾਇਤ ਵੀ ਨਹੀਂ ਸੀ। ਜਦੋਂ ਜੂਨ ਵਿਚ ਚੋਣਾਂ ਦੇ ਪਹਿਲੇ ਪੜਾਅ ਵਿਚ ਡੈਮੋਕਰੇਟਾਂ ਵੱਲੋਂ ਆਪਣਾ ਉਮੀਦਵਾਰ ਚੁਣਿਆ ਗਿਆ, ਉਦੋਂ ਹੀ ਇਹ ਸਪਸ਼ਟ ਹੋ ਗਿਆ ਸੀ ਕਿ ਡੈਮੋਕਰੇਟਿਕ ਪਾਰਟੀ ਦਾ ਵੋਟ-ਆਧਾਰ ਮਜ਼ਬੂਤੀ ਨਾਲ ਮਮਦਾਨੀ ਦੇ ਹੱਕ ’ਚ ਹੈ। ਪਰ ਉਸਦੀ ਹਮਾਇਤ ਸਿਰਫ਼ ਡੈਮਰੋਕਰੇਟਾਂ ਦੇ ‘ਖੱਬੇ’ ਧੜੇ ਨੇ ਹੀ ਕੀਤੀ। ਜ਼ਿਆਦਾਤਰ ਸ਼ਕਤੀਸ਼ਾਲੀ ਡੈਮੋਕਰੇਟ ਸ਼ਖ਼ਸਾਂ ਨੇ ਉਸਦੀ ਹਮਾਇਤ ਨਹੀਂ ਕੀਤੀ। ਨਿਊ ਯਾਰਕ ਦੀ ਗਵਰਨਰ ਕੈਥੀ ਹੋਕੁਲ ਅਤੇ ਕਾਂਗਰਸ ਦੇ ਉਪਰਲੇ ਸਦਨ ਵਿਚ ਚੋਟੀ ਦੇ ਡੈਮੋਕਰੇਟ ਚੱਕ ਸ਼ੂਮਰ ਵਰਗੇ ਵੱਡੇ ਚਿਹਰੇ ਇਕ ਤਰ੍ਹਾਂ ਨਾਲ ਚੁੱਪ ਬੈਠੇ ਰਹੇ।

ਘੱਟਗਿਣਤੀ ਪਿਛੋਕੜ ਵਾਲੇ ਵਿਅਕਤੀ ਦਾ ਕਾਰਪੋਰੇਟ ਧਨਾਢਾਂ ਦੀ ਮਦਦ ਤੋਂ ਬਿਨਾਂ ਬਹੁਤ ਹੀ ਮਜ਼ਬੂਤ ਵਿਰੋਧੀਆਂ ਨੂੰ ਸਖ਼ਤ ਟੱਕਰ ਦੇਣਾ ਅਤੇ ਧਨਾਢਾਂ ਦੇ ਟਾਪੂ ਨਿਊ ਯਾਰਕ ਦੇ ਮੇਅਰ ਦੇ ਸਰਵਉੱਚ ਅਹੁਦੇ ਲਈ ਚੁਣੇ ਜਾਣਾ ਨਿਰਸੰਦੇਹ ਮਾਇਨੇ ਰੱਖਦਾ ਹੈ। ਲੋਕ-ਭਲਾਈ ਵਾਲੇ ਆਰਥਕ ਵਾਅਦੇ ਕਰਨ ਦੇ ਨਾਲ-ਨਾਲ ਮਮਦਾਨੀ ਨੇ ਆਵਾਸੀਆਂ ਪੱਖੀ ਤਜਵੀਜ਼ਾਂ ਪੇਸ਼ ਕੀਤੀਆਂ। ਉਸਨੇ ਨਿਊ ਯਾਰਕ ਨੂੰ “ਟਰੰਪ ਪਰੂਫ” ਬਣਾਉਣ ਦੀ ਗੱਲ ਕੀਤੀ ਅਤੇ ਪ੍ਰਵਾਸੀ ਭਾਈਚਾਰਿਆਂ ਦੀ ਸੁਰੱਖਿਆ, ਆਈ.ਈ.ਸੀ. (ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ) ਨੂੰ ਸਹਿਯੋਗ ਦੇਣਾ ਬੰਦ ਕਰਕੇ ਨਿਊ ਯਾਰਕ ਨੂੰ ਸਭ ਤੋਂ ਮਜ਼ਬੂਤ ਸ਼ਰਣ-ਸਥਾਨ ਬਣਾਉਦ, ਸ਼ਹਿਰ ਵਿੱਚੋਂ ਆਈਈਸੀ ਨੂੰ ਹਟਾਉਣ, ਇਮੀਗ੍ਰੇਸ਼ਨ ਕਾਨੂੰਨੀ ਸੇਵਾਵਾਂ ਵਿਚ 165 ਮਿਲੀਅਨ ਡਾਲਰ ਨਿਵੇਸ਼ ਕਰਨ ਅਤੇ ਅਦਾਲਤ ਵਿਚ ਟਰੰਪ ਦੀਆਂ ਨੀਤੀਆਂ ਵਿਰੁੱਧ ਕਾਨੂੰਨੀ ਲੜਾਈ ਦੇਣ ਲਈ 200 ਹੋਰ ਅਟਾਰਨੀ ਸ਼ਾਮਲ ਕਰਕੇ ਕਾਨੂੰਨ ਵਿਭਾਗ ਨੂੰ ਮਜ਼ਬੂਤ ਕਰਨ ਦਾ ਵਾਅਦਾ ਕੀਤਾ। ਇਸੇ ਕਰਕੇ ਬਹੁਤ ਸਾਰੇ ਲੋਕ ਉਸ ਦੀ ਜਿੱਤ ਨੂੰ ਅਮਰੀਕਾ ਵਿਚ ਨਵੀਂ ਸਿਆਸਤ ਦੀ ਸ਼ੁਰੂਆਤ ਵਜੋਂ ਦੇਖ ਰਹੇ ਹਨ। ਅਮਰੀਕੀ ਹੁਕਮਰਾਨ ਜਮਾਤ ਲੰਮੇ ਸਮੇਂ ਤੋਂ ਜਿਵੇਂ ਇਸਲਾਮਿਕ ਅਕੀਦੇ ਨੂੰ ਹਊਆ ਬਣਾ ਕੇ ਪੇਸ਼ ਕਰ ਰਹੀ ਹੈ, ਖ਼ਾਸ ਕਰਕੇ ਟਰੰਪ ਦੀ ਘੋਰ ਸੱਜੇਪੱਖੀ ਸਿਆਸਤ ਨੇ ਜਿਵੇਂ ਗ਼ੈਰਅਮਰੀਕੀ ਪਿਛੋਕੜ ਦੇ ਲੋਕਾਂ ਵਿਰੁੱਧ ਨਫ਼ਰਤੀ ਮੁਹਿੰਮ ਚਲਾਈ ਹੋਈ ਹੈ, ਅਜਿਹੇ ਵਿਰੋਧੀ ਹਾਲਾਤ ’ਚ ਮਮਦਾਨੀ ਵੱਲੋਂ ਅਮਰੀਕਾ ਦੇ ਵੰਨ-ਸੁਵੰਨਤਾ ਵਾਲੇ ਸਮਾਜ ਦੇ ਜ਼ਿਆਦਾਤਰ ਵਰਗਾਂ ਦਾ ਵਿਸ਼ਵਾਸ ਜਿੱਤਣਾ ਮਹੱਤਵਪੂਰਨ ਹੈ।




ਮਮਦਾਨੀ ਸਿਰਫ਼ ਟਰੰਪ ਦੀਆਂ ਘੋਰ ਸੱਜੇਪੱਖੀ ਨੀਤੀਆਂ ਦਾ ਹੀ ਆਲੋਚਕ ਨਹੀਂ, ਉਹ ਮੋਦੀ ਦੀ ਅਗਵਾਈ ਵਾਲੇ ਭਾਰਤ ਦੇ ਹਿੰਦੂਤਵ ਰਾਜ ਬਾਰੇ ਵੀ ਸਖ਼ਤ ਟਿੱਪਣੀਆਂ ਲਈ ਜਾਣਿਆ ਜਾਂਦਾ ਹੈ। ਨਹਿਰੂ ਨੂੰ ਭੰਡਣ ਲਈ ਇਕ ਦਹਾਕੇ ਤੋਂ ਮੋਦੀ ਸਰਕਾਰ ਦਾ ਸਿਰ ਤੋਂ ਪੈਰਾਂ ਤੱਕ ਜ਼ੋਰ ਲੱਗਿਆ ਹੋਇਆ, ਆਪਣੀ ਜਿੱਤ ਮੌਕੇ ਮਮਦਾਨੀ ਨੇ ਉਸ ਨਹਿਰੂ ਨੂੰ ਉਚੇਚੇ ਤੌਰ ’ਤੇ ਯਾਦ ਕੀਤਾ। ਅਮਰੀਕਾ ਦੀ ਸ਼ਹਿ ’ਤੇ ਇਜ਼ਰਾਇਲੀ ਵੱਲੋਂ ਗਾਜ਼ਾ ਵਿਚ ਕਤਲੇਆਮ ਨੂੰ ਉਸਨੇ ਨਸਲਕੁਸ਼ੀ ਕਿਹਾ ਹੈ। ਉਸਦੀ ਲੋਕ-ਭਲਾਈ ਸਟੇਟ ਪੱਖੀ ਸੋਚ ਅਤੇ ਉਦਾਰ ਨਜ਼ਰੀਆ ਘੋਰ ਸੱਜੇਪੱਖੀਆਂ ਨੂੰ ਗਵਾਰਾ ਨਹੀਂ ਹੈ।

ਇਨ੍ਹਾਂ ਸਾਲਾਂ ਵਿਚ ਅਮਰੀਕਾ ਵਿਚ ਘੋਰ ਸੱਜੇਪੱਖੀ ਗੁੱਟ ਦਾ ਰਾਜਨੀਤਕ ਰਸੂਖ਼ ਵਧਿਆ ਹੈ ਅਤੇ ਕਥਿਤ ਡੈਮੋਕਰੇਟ ਖ਼ੇਮੇ ਦਾ ਵੋਟ ਆਧਾਰ ਰਿਪਬਲਿਕਨਾਂ ਵੱਲ ਖਿਸਕਿਆ ਹੈ। 2020 ਅਤੇ 2024 ਦਰਮਿਆਨ ਉਨ੍ਹਾਂ ਸਾਰੇ 30 ਰਾਜਾਂ ਵਿਚ ਰਿਪਬਲਿਕਨਾਂ ਨੇ ਡੈਮੋਕਰੇਟਾਂ ਦਾ ਆਧਾਰ ਖੋਹਿਆ ਹੈ ਜੋ ਪਾਰਟੀ ਮੁਤਾਬਿਕ ਵੋਟਰਾਂ ਦੀ ਰਜਿਸਟ੍ਰੇਸ਼ਨ ਨੂੰ ਟਰੈਕ ਕਰਦੇ ਹਨ। ਅਮਰੀਕਾ ਵਿਚ ਵੋਟ ਦੀ ਵਿਧੀ ਇਹ ਹੈ ਕਿ ਵੋਟਰਾਂ ਨੂੰ ਆਪਣੀ ਵੋਟ ਦੀ ਰਜਿਸਟ੍ਰੇਸ਼ਨ ਕਰਾਉਣ ਸਮੇਂ ਪਾਰਟੀ ਨਾਲ ਆਪਣਾ ਸੰਬੰਧ ਰਸਮੀਂ ਤੌਰ ’ਤੇ ਦਰਜ ਕਰਾਉਣਾ ਪੈਂਦਾ ਹੈ। ਰਜਿਸਟ੍ਰੇਸ਼ਨ ਡੇਟਾ ਪਾਰਟੀ ਦੀ ਤਾਕਤ ਦੇ ਮੁੱਖ ਸੂਚਕ ਦੇ ਰੂਪ ’ਚ ਕੰਮ ਕਰਦਾ ਹੈ। ਅਗਸਤ ਵਿਚ ਨਿਊ ਯਾਰਕ ਟਾਈਮਜ਼ ਦੇ ਇਕ ਵਿਸ਼ਲੇਸ਼ਣ ਨੇ ਦਰਸਾਇਆ ਕਿ ਇਸ ਅਰਸੇ ਵਿਚ 45 ਲੱਖ ਵੋਟਰ ਡੈਮੋਕਰੇਟਾਂ ਤੋਂ ਮੂੰਹ ਮੋੜ ਗਏ। ਜਦਕਿ ਨਿਊ ਯਾਰਕ ਵਿਚ ਫਰਵਰੀ ਤੋਂ ਲੈ ਕੇ ਮਮਦਾਨੀ ਦੀ ਮੁਹਿੰਮ ਨਾਲ ਨਵੇਂ ਡੈਮੋਕਰੇਟਿਕ ਵੋਟਰ ਭਰਤੀ ਕਰਨ ’ਚ ਮਦਦ ਮਿਲੀ। ਜਦੋਂ ਡੈਮੋਕਰੇਟਿਕ ਪਾਰਟੀ ਦੀ ਜ਼ਿਆਦਾਤਰ ਕੌਮੀ ਲੀਡਰਸ਼ਿਪ ਲੋਕਾਈ ਨੂੰ ਟਰੰਪ ਦੇ ਵਿਰੋਧ ਤੋਂ ਸਿਵਾਏ ਕੋਈ ਖ਼ਾਸ ਪੇਸ਼ਕਸ਼ ਨਹੀਂ ਕਰ ਰਹੀ, ਓਦੋਂ ਮਮਦਾਨੀ ਦੀ ਆਰਥਕ ਨਿਆਂ ਦੇ ਮੁੱਦਿਆਂ - ਕਿਰਾਇਆ ਨਾ ਵਧਾਉਣਾ, ਬੱਚਿਆਂ ਦੀ ਸਰਵਵਿਆਪਕ ਦੇਖਭਾਲ, ਮੁਫ਼ਤ ਬੱਸ ਸਫ਼ਰ - ਨੂੰ ਲੈਕੇ ਚਲਾਈ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲਣਾ ਦਿਖਾਉਂਦਾ ਹੈ ਕਿ ਬੇਸ਼ੱਕ ਆਰਥਕ ਨਾਬਰਾਬਰੀ ਵਰਗੇ ਬੁਨਿਆਦੀ ਸਵਾਲਾਂ ਬਾਰੇ ਚੇਤਨਾ ਨਹੀਂ ਹੈ ਪਰ ਵਧ ਰਹੇ ਆਰਥਕ ਸੰਕਟ ਦੇ ਬੋਝ ਹੇਠ ਪਿਸ ਰਹੇ ਲੋਕਾਂ ਲਈ ਇਹ ਮੁੱਦੇ ਵੀ ਕਿੰਨੇ ਮਹੱਤਵਪੂਰਨ ਹਨ। ਅਮਰੀਕਾ ਦੇ ਹੋਰ ਮਹਾਂਨਗਰਾਂ ਦੇ ਮੁਕਾਬਲੇ ਨਿਊ ਯਾਰਕ ਵਿਚ ਮਹਿੰਗਾਈ ਦੀ ਮਾਰ ਹੋਰ ਵੀ ਜ਼ਿਆਦਾ ਹੈ। ਨਿਊ ਯਾਰਕ ਵਿਚ ਮਾਲੀ ਸਾਲ 2012 ਅਤੇ 2022 ਦਰਮਿਆਨ ਘਰਾਂ ਦੇ ਖ਼ਰਚੇ 68% ਤੋਂ ਵੀ ਵਧੇਰੇ ਵਧੇ ਹਨ ਜਦਕਿ ਕੌਮੀ ਔਸਤ ਵਾਧਾ ਦਰ 41.5% ਹੈ। ਇਸੇ ਤਰ੍ਹਾਂ ਭੋਜਨ ਦਾ ਖ਼ਰਚ ਇੱਥੇ 56% ਤੋਂ ਵੀ ਜ਼ਿਆਦਾ ਵਧਿਆ ਹੈ ਜਦਕਿ ਇਸਦੀ ਕੌਮੀ ਔਸਤ 46.4% ਹੈ।

ਨਵਉਦਾਰ ਆਰਥਕ ਮਾਡਲ, ਜੋ ਅਜਾਰੇਦਾਰ ਸਰਮਾਏਦਾਰੀ ਦਾ ਹੋਰ ਵੀ ਘਿਣਾਉਣਾ ਰੂਪ ਹੈ, ਆਰਥਕ ਪਾੜੇ ਅਤੇ ਨਾਬਰਾਬਰੀ ਨੂੰ ਹੋਰ ਡੂੰਘਾ ਕਰ ਰਿਹਾ ਹੈ। ਸੈਨੇਟਰ ਅਤੇ ਲੇਖਕ ਬਰਨੀ ਸੈਂਡਰਸ ਦੇ ਵਿਚਾਰਧਾਰਕ ਨਜ਼ਰੀਏ ਦੀਆਂ ਕੋਈ ਵੀ ਸੀਮਤਾਈਆਂ ਹੋਣ, ਉਸਨੇ ਆਪਣੀ ਕਿਤਾਬ ‘ਇਟਸ ਓਕੇ ਟੂ ਬੀ ਐਂਗਰੀ ਅਬਾਊਟ ਕੈਪੀਟਲਿਜ਼ਮ’ ਵਿਚ ਨਵ-ਉਦਾਰ ਆਰਥਿਕਤਾ ਨਾਲ ਬਣੀ ਅਮਰੀਕੀ ਸਮਾਜ ਦੀ ਸਮਾਜਿਕ, ਆਰਥਕ ਤੇ ਰਾਜਨੀਤਕ ਹਕੀਕਤ ਦੀ ਸੱਚੀ ਤਸਵੀਰ ਪੇਸ਼ ਕੀਤੀ ਹੈ। ਉਸਦਾ ਕਹਿਣਾ ਹੈ ਕਿ ਬੇਘਰੇ ਲੋਕਾਂ ਦੀ ਵਧ ਰਹੀ ਗਿਣਤੀ, ਬੇਰੁਜ਼ਗਾਰੀ, ਹਸਪਤਾਲਾਂ ਵਿਚ ਸਟਾਫ਼ ਦੀ ਘਾਟ, ਬੰਦ ਹੋ ਰਹੇ ਸਕੂਲ, ਪਹੁੰਚ ਤੋਂ ਬਾਹਰ ਹੋ ਰਹੀ ਪੜ੍ਹਾਈ, ਮਨੁੱਖੀ ਹੱਕਾਂ ਦਾ ਘਾਣ, ਮਹਿੰਗਾਈ, ਡਿਗ ਰਿਹਾ ਜੀਵਨ-ਪੱਧਰ, ਗੋਰੇ ਅਤੇ ਗ਼ੈਰ-ਗੋਰੇ ਤੇ ਭੂਰੇ ਪਰਿਵਾਰਾਂ ਦਰਮਿਆਨ ਵਿਆਪਕ ਨਬਰਾਬਰੀ ਦੇ ਹਾਲਾਤ ਵਰਗੇ ਬੁਨਿਆਦੀ ਸਵਾਲ ਮੂੰਹ ਅੱਡੀ ਖੜ੍ਹੇ ਹਨ। ਪੌਣਪਾਣੀ ਪਰਿਵਰਤਨ, ਨਾਬਰਾਬਰੀ, ਕੱਟੜਵਾਦ, ਉਭਰਦਾ ਨਵ-ਫਾਸ਼ੀਵਾਦ, ਨਸਲਵਾਦ, ਬਦੇਸ਼ੀਆਂ ਪ੍ਰਤੀ ਨਫ਼ਰਤ, ਲਿੰਗਕ ਜਬਰ ਵਰਗੇ ਅਤਿ ਮਹੱਤਵਪੂਰਨ ਮੁੱਦਿਆਂ ਨਾਲ ਜੁੜੇ ਸਵਾਲ ਨਜ਼ਰਅੰਦਾਜ਼ ਹਨ। ਨਿਰਾਸ਼ਾ, ਮਾਯੂਸੀ, ਆਤਮਹੱਤਿਆ ਦੀਆਂ ਵਧ ਰਹੀਆਂ ਪ੍ਰਵਿਰਤੀਆਂ ਦੇ ਸਵਾਲ ਬਾਰੇ ਚੁੱਪ ਪਸਰੀ ਹੋਈ ਹੈ।

ਉਸਦਾ ਕਹਿਣਾ ਹੈ ਕਿ ਖਰਬਪਤੀਆਂ-ਅਰਬਪਤੀਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਤਿੰਨ ਖਰਬਪਤੀਆਂ ਕੋਲ ਅਮਰੀਕਾ ਦੀ ਅੱਧੀ ਤੋਂ ਵੱਧ ਆਬਾਦੀ ਨਾਲੋਂ ਵੀ ਵੱਧ ਯਾਨੀ 16 ਕਰੋੜ 50 ਲੱਖ ਡਾਲਰ ਦੌਲਤ ਹੈ। ਸਿਖ਼ਰਲੇ 1% ਵਰਗ ਦੀ ਦੌਲਤ ਹੇਠਲੇ 92% ਵਰਤ ਤੋਂ ਵੀ ਜ਼ਿਆਦਾ ਹੈ। ਕੋਵਿਡ ਮਹਾਮਾਰੀ ਦੌਰਾਨ ਵੀ ਉਨ੍ਹਾਂ ਦੀ ਦੌਲਤ ਅਤੇ ਮੁਨਾਫ਼ੇ ਛੜੱਪੇ ਮਾਰਕੇ ਵਧਦੇ ਰਹੇ। ਸਿਰਫ਼ ਤਿੰਨ ਕਾਰਪੋਰੇਟ ਵਾਲ ਸਟ੍ਰੀਟ ਫਰਮਾਂ - ਬਲੈਕ ਰੌਕ, ਵੈਨਗਾਰਡ ਅਤੇ ਸਟੇਟ ਸਟ੍ਰੀਟ - ਕੋਲ 20 ਲੱਖ ਖਰਬ ਡਾਲਰ ਦੇ ਸ਼ੇਅਰ ਹਨ। 20% ਤੋਂ ਵੱਧ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਵੀ ਕਾਰਪੋਰੇਟ ਘਰਾਣਿਆਂ ਦੇ ਹੱਥ ’ਚ ਹਨ। ਕਾਰਪੋਰੇਟ ਘਰਾਣਿਆਂ ਦੇ ਸੀਈਓ ਆਪਣੇ ਮੁਲਾਜਮਾਂ ਦੇ ਮੁਕਾਬਲੇ 400 ਗੁਣਾਂ ਜ਼ਿਆਦਾ ਕਮਾਉਂਦੇ ਹਨ। ਕਾਰਪੋਰੇਟ ਲੁੱਟ ਦੇ ਕਾਰਨ ਹੀ ਅਮਰੀਕਾ ਵਿਚ ਢਾਈ ਕਰੋੜ ਦੇ ਲਗਭਗ ਲੋਕ ਬੇਰੋਜ਼ਗਾਰ ਹਨ। ਭੁੱਖਮਰੀ ਜ਼ੋਰਾਂ ’ਤੇ ਹੈ। ਲੋਕ ਬੇਘਰੇ ਹੋ ਰਹੇ ਹਨ ਜਦਕਿ ਕਾਰਪੋਰੇਟਾਂ ਕੋਲ ਵੱਡੇ-ਵੱਡੇ ਮਹਿਲ ਹਨ। ਟੈਕਸ ਦੇਣ ਵਾਲੇ ਆਮ ਅਮਰੀਕੀਆਂ ਦੀ ਕੀਮਤ ’ਤੇ ਮੁੱਠੀ ਭਰ ਕਾਰਪੋਰੇਟ ਅਤੇ ਉਨ੍ਹਾਂ ਦੇ ਉੱਚ ਅਧਿਕਾਰੀ ਅੱਯਾਸ਼ੀਆਂ ਕਰਦੇ ਹਨ। ਲੱਖਾਂ ਲੋਕਾਂ ਨੂੰ ਐਮਰਜੈਂਸੀ ‘ਫੂਡ ਪੈਕੇਜ’ ਲੈਣ ਲਈ ਘੰਟਿਆਂ ਤੱਕ ਲਾਈਨ ’ਚ ਖੜ੍ਹਨਾ ਪੈਂਦਾ ਹੈ। ਹਰ ਸਾਲ 60 ਹਜ਼ਾਰ ਲੋਕ ਲਾਇਲਾਜ ਮਰ ਰਹੇ ਹਨ, ਸਾਢੇ ਅੱਠ ਕਰੋੜ ਲੋਕ ਆਪਣਾ ਬੀਮਾ ਨਹੀਂ ਕਰਵਾ ਸਕਦੇ ਜਦਕਿ ਹੈਲਥ ਬੀਮਾ ਕੰਪਨੀਆਂ ਬੇਥਾਹ ਮੁਨਾਫ਼ੇ ਕਮਾ ਰਹੀਆਂ ਹਨ। ਉਸਨੇ ਅਜਿਹੀਆਂ ਕੰਪਨੀਆਂ ਦੀ ਸੂਚੀ ਦਿੱਤੀ ਹੈ ਜਿਨ੍ਹਾਂ ਨੇ 2021 ’ਚ 19 ਮਿਲੀਅਨ ਤੋਂ ਲੈ ਕੇ 60 ਬਿਲੀਅਨ ਡਾਲਰ ਤੱਕ ਮੁਨਾਫ਼ੇ ਕਮਾਏ। 6 ਲੱਖ ਅਮਰੀਕੀ ਲੋਕ ਨਸ਼ੀਲੀਆਂ ਦਵਾਈਆਂ ਕਾਰਨ ਮਰੇ ਹਨ। ਅਤਿਅੰਤ ਭੈੜੇ ਜੀਵਨ-ਹਾਲਾਤਾਂ ਕਾਰਨ ਨੌਜਵਾਨ ਮਾਨਸਿਕ ਤੌਰ ’ਤੇ ਟੁੱਟ ਜਾਂਦੇ ਹਨ ਅਤੇ ਲੱਖਾਂ ਨੌਜਵਾਨ ਦਿਲ ਦੇ ਰੋਗ, ਕੈਂਸਰ, ਡਾਇਬੀਟੀਜ਼, ਦਮਾ ਵਰਗੀਆਂ ਬੀਮਾਰੀਆਂ ਦੀ ਲਪੇਟ ’ਚ ਆ ਕੇ ਮਰ ਰਹੇ ਹਨ। ਉਸਦਾ ਮੰਨਣਾ ਹੈ “ਸੱਚ ਇਹ ਹੈ ਕਿ ਆਰਥਕ ਸੁਰੱਖਿਆ ਅਤੇ ਸਵੈਨਿਰਭਰਤਾ ਦੀ ਅਣਹੋਂਦ ’ਚ ਵਿਅਕਤੀ ਦੀ ਅਸਲੀ ਸੁਤੰਤਰਤਾ ਦੀ ਕੋਈ ਹੋਂਦ ਨਹੀਂ ਹੈ।” ਉਸ ਦਾ ਕਹਿਣਾ ਹੈ ਕਿ ਮੁਨਾਫ਼ਾਖ਼ੋਰ ਕਾਰਪੋਰੇਟਾਂ ਉੱਪਰ 60% ਟੈਕਸ ਲਗਾਇਆ ਜਾਣਾ ਚਾਹੀਦਾ ਹੈ।

ਇਹ ਅਜਾਰੇਦਾਰ ਕਾਰਪੋਰੇਟ ਸਰਮਾਏਦਾਰੀ ਪੱਖੀ ਆਰਥਕ ਮਾਡਲ ਵੱਲੋਂ ਮਚਾਈ ਆਰਥਕ-ਸਮਾਜਿਕ ਤਬਾਹੀ ਦੀ ਮੋਟੀ ਜਹੀ ਤਸਵੀਰ ਹੈ। ਇਹ ਸਿਰਫ਼ ਸਮਾਜਿਕ ਸੁਰੱਖਿਆ ਵਿਵਸਥਾ ਨੂੰ ਹੀ ਖ਼ਤਮ ਨਹੀਂ ਕਰ ਰਿਹਾ ਸਗੋਂ ਇਸਦੀ ਰਾਜਨੀਤਕ ਨੁਮਾਇੰਦਗੀ ਕਰਦੀ ਘੋਰ ਸੱਜੇਪੱਖੀ ਨਸਲੀ-ਰਾਸ਼ਟਰਵਾਦੀ ਧਾਰਾ ਬਹੁਸੱਭਿਆਚਾਰੀ ਕਦਰਾਂ-ਕੀਮਤਾਂ ਨੂੰ ਖ਼ਤਮ ਕਰਕੇ ਖੁੱਲ੍ਹੇਆਮ ਨਸਲਵਾਦੀ ਗ਼ਲਬਾ ਥੋਪਣ ਦੇ ਰਾਹ ਤੁਰੀ ਹੋਈ ਹੈ। ਜਿਉਂ-ਜਿਉਂ ਅਮਰੀਕੀ ਸਾਮਰਾਜਵਾਦ ਦੀ ਸੰਸਾਰ ਚੌਧਰ ਕਮਜ਼ੋਰ ਹੋ ਰਹੀ ਹੈ, ਇਸਦੀ ਹਕੂਮਤ ਹੋਰ ਵੀ ਜ਼ਿਆਦਾ ਖ਼ੂੰਖ਼ਾਰ ਅਤੇ ਹਮਲਾਵਰ ਹੁੰਦੀ ਜਾ ਰਹੀ ਹੈ। ਅਮਰੀਕੀ ਸਟੇਟ ਹਰ ਸਾਲ ਆਪਣੀ ਫ਼ੌਜ ਉੱਪਰ 775 ਅਰਬ ਡਾਲਰ ਖ਼ਰਚਦਾ ਹੈ। ਪ੍ਰਵਾਸੀ, ਧਾਰਮਿਕ ਤੇ ਹੋਰ ਘੱਟਗਿਣਤੀਆਂ ਅਤੇ ਹਾਸ਼ੀਏ ’ਤੇ ਧੱਕੇ ਸਮਾਜਿਕ ਸਮੂਹ ਟਰੰਪ ਪ੍ਰਸ਼ਾਸਨ ਦੇ ਲਗਾਤਾਰ ਨਿਸ਼ਾਨੇ ’ਤੇ ਹਨ। ਇਹ ਸਿਰਫ਼ ਅਮਰੀਕਾ ਵਿਚ ਹੀ ਨਹੀਂ ਹੋ ਰਿਹਾ, ਵਿਸ਼ਵ ਬੈਂਕ ਦੇ ਸਾਬਕਾ ਅਰਥਸ਼ਾਸਤਰੀ ਬਰੈਂਕੋ ਦੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਅਮਰੀਕਾ, ਯੂਰਪ, ਜਪਾਨ ਆਦਿ ਕਥਿਤ “ਸਰਮਾਏਦਾਰੀ ਕੋਰ” ਮੁਲਕਾਂ ਵਿਚ ਰੀਗਨ ਅਤੇ ਥੈਚਰ ਵਰਗਿਆਂ ਵੱਲੋਂ ਘੜੇ-ਤਰਾਸ਼ੇ ਨਵ-ਉਦਾਰ ਰਾਜਾਂ ਦੇ ਤਹਿਤ ਖ਼ੁਸ਼ਹਾਲ ਹੋਏ ਕੁਲੀਨ ਵਰਗ ਆਪਣੇ ਰਾਸ਼ਟਰਾਂ ਨੂੰ ਸੰਕੀਰਣ, ਨੀਵੇਂ ਅਤੇ ਕਠੋਰ ਸਮਾਜਾਂ ਵਿਚ ਮੁੜ-ਪ੍ਰਭਾਸ਼ਿਤ ਕਰ ਰਹੇ ਹਨ। ਉਹ ਬਹੁਸੱਭਿਆਚਾਰਵਾਦ ਅਤੇ ਔਰਤਾਂ ਲਈ ਸਮਾਨਤਾ ਦੀਆਂ ਪੁਰਾਣੀਆਂ ਵਚਨਬੱਧਤਾਵਾਂ ਨੂੰ ਤਿਲਾਂਜਲੀ ਦੇ ਰਹੇ ਹਨ। ਉਹ ਦੁਨੀਆ ਉੱਪਰ ਅਜਿਹੀ ਸਰਮਾਏਦਾਰੀ ਥੋਪ ਰਹੇ ਹਨ ਜਿਸ ਵਿਚ ਸੁਰੱਖਿਆ ਇਕਰਾਰਨਾਮੇ, ਯੂਨੀਅਨਾਂ ਅਤੇ ਇੱਥੋਂ ਤੱਕ ਕਿ ਨਾਮਨਿਹਾਦ ਐੱਚ.ਆਰ. (ਹਿਊਮੈਨ ਰਿਸੋਰਸਿਜ਼) ਵਿਭਾਗ ਵੀ ਨਹੀਂ ਹੈ। ਇਨ੍ਹਾਂ ਘੋਰ ਪਿਛਾਖੜੀ ਨੀਤੀ ਹਮਲਿਆਂ ਕਾਰਨ ਸਮਾਜਿਕ ਬੇਚੈਨੀ ਵਧ ਰਹੀ ਹੈ। ਅਮਰੀਕੀ ਲੋਕ ਟਰੰਪਸ਼ਾਹੀ ਵਿਰੁੱਧ ਸੜਕਾਂ ਉੱਪਰ ਆ ਕੇ ਵਿਰੋਧ ਪ੍ਰਗਟਾ ਰਹੇ ਹਨ। ਪਿਛਲੇ ਮਹੀਨੇ ਮੁਲਕ ਦੇ 50 ਰਾਜਾਂ ਵਿਚ ਇਸ ਸੰਦੇਸ਼ ਨਾਲ ਦੋ ਦਿਨ ਰੋਹ ਭਰੇ ਵਿਰੋਧ-ਪ੍ਰਦਰਸ਼ਨ ਹੁੰਦੇ ਰਹੇ ਕਿ ਉਨ੍ਹਾਂ ਨੂੰ ਟਰੰਪ ਦੀ ਰਾਜਾਸ਼ਾਹੀ ਮਨਜ਼ੂਰ ਨਹੀਂ ਹੈ। ਰਿਪੋਰਟਾਂ ਅਨੁਸਾਰ ਇਨ੍ਹਾਂ ਮੁਜ਼ਾਹਰਿਆਂ ਵਿਚ 1 ਕਰੋੜ 20 ਲੱਖ ਦੇ ਕਰੀਬ ਲੋਕਾਂ ਨੇ ਹਿੱਸਾ ਲਿਆ।

ਇਹ ਸਪਸ਼ਟ ਹੈ ਕਿ ਮਮਦਾਨੀ ਵਰਗਿਆਂ ਦੇ ਚੁਣੇ ਜਾਣ ਨਾਲ ਅਮਰੀਕਾ ਦੇ ਆਰਥਕ ਮਾਡਲ ਦੀ ਕਾਰਪੋਰੇਟ ਹਿਤੈਸ਼ੀ ਅਤੇ ਲੋਕ ਵਿਰੋਧੀ ਖ਼ਸਲਤ ਨਹੀਂ ਬਦਲ ਜਾਣੀ। ਪਰ ਇਹ ਸਪਸ਼ਟ ਸੰਕੇਤ ਹੈ ਕਿ ਕਥਿਤ ਨਵਉਦਾਰ ਆਰਥਕ ਮਾਡਲ ਆਮ ਅਮਰੀਕੀਆਂ ਨੂੰ ਬੁਰੀ ਤਰ੍ਹਾਂ ਨਪੀੜ ਰਿਹਾ ਹੈ, ਮਨੁੱਖੀ ਜ਼ਿੰਦਗੀ ਲਈ ਜ਼ਰੂਰੀ ਬੁਨਿਆਦੀ ਲੋੜਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ। ਲੋਕ ਤ੍ਰਾਹ-ਤ੍ਰਾਹ ਕਰ ਰਹੇ ਹਨ ਪਰ ਉਨ੍ਹਾਂ ਅੱਗੇ ਕੋਈ ਅਜਿਹਾ ਰਾਜਨੀਤਕ ਬਦਲ ਨਹੀਂ ਹੈ ਜੋ ਇਸ ਆਰਥਕ ਮਾਡਲ ਤੇ ਟਰੰਪ ਦੀ ਤਾਨਾਸ਼ਾਹੀ ਵਿਰੁੱਧ ਲੋਕਾਂ ’ਚ ਖੌਲ਼ ਰਹੀ ਬੇਚੈਨੀ ਨੂੰ ਰਾਜਨੀਤਕ ਅੰਦੋਲਨ ਦਾ ਰੂਪ ਦੇ ਸਕੇ ਅਤੇ ਹਾਕਮ ਜਮਾਤ ਨੂੰ ਇਸ ਆਰਥਕ ਮਾਡਲ ਨੂੰ ਰੱਦ ਕਰਨ ਲਈ ਮਜਬੂਰ ਕਰ ਸਕੇ।

ਡੈਮੋਕਰੇਟ ਆਗੂ ਜੇਕਰ ਚਾਹੁਣ ਤਾਂ ਮਮਦਾਨੀ ਦੀ ਜਿੱਤ ਤੋਂ ਸਬਕ ਲੈ ਕੇ 2026 ’ਚ ਹੋਣ ਵਾਲੀਆਂ ਮੱਧਕਾਲੀ ਚੋਣਾਂ ਲਈ ਠੋਸ ਨੀਤੀ ਘੜਕੇ ਟਰੰਪ ਨੂੰ ਸਖ਼ਤ ਟੱਕਰ ਦੇ ਸਕਦੇ ਹਨ। ਪਰ ਆਪਣੀ ਜਮਾਤੀ ਖ਼ਸਲਤ ਕਾਰਨ ਡੈਮੋਕਰੇਟਿਕ ਪਾਰਟੀ ਘੋਰ ਪਿਛਾਖੜੀ ਟਰੰਪਸ਼ਾਹੀ ਵਿਰੁੱਧ ਫ਼ੈਸਲਾਕੁੰਨ ਲੜਾਈ ਨਹੀਂ ਲੜ ਸਕਦੀ। ਨਾ ਹੀ ਉਹ ਕਾਰਪੋਰੇਟ-ਹਿਤੈਸ਼ੀ ਨਵ-ਉਦਾਰ ਅਰਥਸ਼ਾਸਤਰ ਨੂੰ ਤਿਆਗ ਸਕਦੀ ਹੈ। ਸਮਾਜਵਾਦੀ ਤਾਕਤਾਂ ਇਸ ਕਦਰ ਕਮਜ਼ੋਰ ਹਨ ਕਿ ਉਹ ਕੋਈ ਗਿਣਨਯੋਗ ਭੂਮਿਕਾ ਨਿਭਾਉਣ ਦੀ ਹਾਲਤ ’ਚ ਨਹੀਂ ਹਨ। ਇਸ ਕਾਰਨ ਜੇਕਰ ਕਿਰਤੀ ਲੋਕਾਂ ਨੂੰ ਕੋਈ ਆਸ ਦੀ ਕਿਰਨ ਦਿਸਦੀ ਹੈ ਤਾਂ ਸਿਰਫ਼ ਮਮਦਾਨੀ, ਬਰਨੀ ਸੈਂਡਰਸ ਵਰਗਿਆਂ ਦੀਆਂ ਬਦਲਵੀਂਆਂ ਨੀਤੀ-ਤਜਵੀਜ਼ਾਂ ਵਿਚ ਦਿਸਦੀ ਹੈ, ਚਾਹੇ ਉਹ ਤਬਦੀਲੀ ਕਿੰਨੀ ਵੀ ਛੋਟੀ ਕਿਉਂ ਨਾ ਹੋਵੇ।

"Equality and justice"
Patiala 14 November
INTERNATIONAL PAPER, 94636 01616
hardipchumber57@gmail.com

# ਬਾਲ ਦਿਵਸ-ਖੁਸ਼ੀਆਂ ਦਾ ਦਿਨ ਜਾਂ ਚਿੰਤਾ ਦਾ ਪ੍ਰਸ਼ਨ

ਜਗਤਾਰ ਲਾਡੀ ਮਾਨਸਾ
9463603091



ਹਰ ਸਾਲ 14 ਨਵੰਬਰ ਨੂੰ ਭਾਰਤ ਭਰ ਵਿੱਚ ਬਾਲ ਦਿਵਸ ਬੜੇ ਉਤਸ਼ਾਹ ਅਤੇ ਚਾਅ ਨਾਲ ਮਨਾਇਆ ਜਾਂਦਾ ਹੈ। ਸਕੂਲਾਂ ਵਿੱਚ ਬੱਚਿਆਂ ਲਈ ਖ਼ਾਸ ਸਮਾਗਮ, ਗੀਤ–ਸੰਗੀਤ, ਨਾਟਕ, ਮੁਕਾਬਲੇ ਅਤੇ ਮਿਠੀਆਂ ਗੱਲਾਂ ਨਾਲ ਇਹ ਦਿਨ "ਬਾਲਾਂ ਦਾ ਤਿਉਹਾਰ" ਬਣ ਜਾਂਦਾ ਹੈ।

ਪਰ ਜਦੋਂ ਅਸੀਂ ਤਿਉਹਾਰ ਦੀ ਚਮਕ ਤੋਂ ਪਰੇ ਹੋ ਕੇ ਭਾਰਤ ਦੇ ਬੱਚਿਆਂ ਦੀ ਅਸਲੀ ਜ਼ਿੰਦਗੀ ਵੱਲ ਤੱਕਦੇ ਹਾਂ, ਤਾਂ ਇਹ ਤਸਵੀਰ ਰੰਗ–ਬਿਰੰਗੀ ਨਹੀਂ ਰਹਿੰਦੀ — ਉਹ ਧੁੰਦਲੀ, ਦੁਖਦਾਈ ਅਤੇ ਤਕਲੀਫ਼ ਭਰੀ ਦਿਸਦੀ ਹੈ।

ਭਾਰਤ ਦੇ ਲੱਖਾਂ ਬੱਚੇ ਅੱਜ ਵੀ ਕੁਪੋਸ਼ਣ, ਗਰੀਬੀ, ਬਾਲ ਮਜ਼ਦੂਰੀ, ਯੌਨ ਸ਼ੋਸ਼ਣ, ਸਿਹਤ ਸਹੂਲਤਾਂ ਦੀ ਕਮੀ ਅਤੇ ਸਿੱਖਿਆ ਤੋਂ ਵਾਂਝਾ ਰਹਿਣ ਦੀਆਂ ਮਾਰਾਂ ਝੱਲ ਰਹੇ ਹਨ।

ਇਸ ਲਈ ਸਵਾਲ ਉੱਠਦਾ ਹੈ —

"ਕੀ ਸਿਰਫ਼ ਇੱਕ ਦਿਨ ਮਨਾਉਣ ਨਾਲ ਹੀ ਅਸੀਂ ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਕਰ ਰਹੇ ਹਾਂ ਜਾਂ ਇਹ ਸਿਰਫ਼ ਖਾਲੀ ਰਸਮ ਬਣ ਚੁੱਕੀ ਹੈ?"

## ਬਾਲ ਦਿਵਸ ਦਾ ਅਰਥ ਅਤੇ ਇਤਿਹਾਸ

ਬਾਲ ਦਿਵਸ ਦਾ ਸੰਬੰਧ ਸਾਡੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਨਾਲ ਹੈ। ਉਹ ਬੱਚਿਆਂ ਨਾਲ ਬੇਅੰਤ ਪਿਆਰ ਕਰਦੇ ਸਨ ਅਤੇ ਉਹਨਾਂ ਦਾ ਵਿਸ਼ਵਾਸ ਸੀ ਕਿ "ਬੱਚੇ ਹੀ ਦੇਸ਼ ਦਾ ਭਵਿੱਖ ਹਨ।"

ਨਹਿਰੂ ਜੀ ਦੇ ਜਨਮ ਦਿਵਸ 14 ਨਵੰਬਰ ਨੂੰ ਹੀ ਬੱਚਿਆਂ ਪ੍ਰਤੀ ਪਿਆਰ ਅਤੇ ਸਮਰਪਣ ਦੇ ਪ੍ਰਤੀਕ ਵਜੋਂ "ਬਾਲ ਦਿਵਸ" ਮਨਾਇਆ ਜਾਂਦਾ ਹੈ।

ਨਹਿਰੂ ਦਾ ਸੁਪਨਾ ਸੀ ਕਿ ਹਰ ਬੱਚੇ ਨੂੰ ਸਿੱਖਿਆ, ਪੋਸ਼ਣ ਅਤੇ ਸੁਰੱਖਿਆ ਮਿਲੇ।

ਪਰ ਅਫ਼ਸੋਸ, ਪਚੱਤਰ ਸਾਲਾਂ ਬਾਅਦ ਵੀ ਇਹ ਸੁਪਨਾ ਅਜੇ ਵੀ ਅਧੂਰਾ ਹੀ ਦਿਸਦਾ ਹੈ।

ਕੁਪੋਸ਼ਣ ਇੱਕ ਵੱਡੀ ਸਮੱਸਿਆ ਹੈ।ਸਰੀਰ ਅਤੇ ਸੁਪਨਿਆਂ ਦਾ ਖ਼ੂਨ ਹੋ ਰਿਹਾ ਹੈ।

ਕੁਪੋਸ਼ਣ ਭਾਰਤ ਦੇ ਬੱਚਿਆਂ ਲਈ ਸਭ ਤੋਂ ਵੱਡਾ ਸ਼ਰਾਪ ਹੈ। ਰਾਸ਼ਟਰੀ ਪਰਿਵਾਰਕ ਸਿਹਤ ਸਰਵੇਖਣ (NFHS–5, 2019–21) ਅਨੁਸਾਰ —

35.5% ਬੱਚੇ ਥੱਲੇ ਦਰਜੇ ਦੇ ਵਜ਼ਨ ਵਾਲੇ ਹਨ।

32% ਬੱਚਿਆਂ ਦੀ ਉਚਾਈ ਉਮਰ ਦੇ ਮੁਤਾਬਕ ਘੱਟ ਹੈ ।

19% ਬੱਚੇ ਐਨੀਮੀਆ (ਖੂਨ ਦੀ ਘਾਟ) ਨਾਲ ਪੀੜਤ ਹਨ। ਸਿਹਤ ਸਹੂਲਤਾਂ ਦੇਣ ਵਿਚ ਅਸੀਂ ਦੁਨੀਆਂ ਵਿੱਚ ਬਹੁਤ ਦੇਸ਼ਾਂ ਤੋਂ ਪਿੱਛੇ ਹਾਂ। ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਤੋਂ ਕੱਲ੍ਹ ਨੂੰ ਚੰਗੇ ਸਿਹਤਮੰਦ ਨਾਗਰਿਕ ਬਣਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ।ਅਤੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਨਹੀਂ ਨਾ ਸਕਣਗੇ।ਇਹ ਅੰਕੜੇ ਦਰਸਾਉਂਦੇ ਹਨ ਕਿ ਹਰ ਤੀਜਾ ਭਾਰਤੀ ਬੱਚਾ ਪੂਰੀ ਖੁਰਾਕ ਤੋਂ ਵਾਂਝਾ ਹੈ।ਕੁਪੋਸ਼ਣ ਸਿਰਫ਼ ਭੁੱਖ ਦਾ ਨਤੀਜਾ ਨਹੀਂ, ਸਗੋਂ ਇਹ ਗਰੀਬੀ, ਮਹਿਲਾਵਾਂ ਦੀ ਅਣਪੜ੍ਹਤਾ , ਬੇਰੁਜ਼ਗਾਰੀ ਅਤੇ ਕਮਜ਼ੋਰ ਪ੍ਰਸ਼ਾਸਨਕ ਪ੍ਰਣਾਲੀ ਦਾ ਨਤੀਜਾ ਹੈ।

ਝਾਰਖੰਡ, ਬਿਹਾਰ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਜਿਹੇ ਰਾਜਾਂ ਵਿੱਚ ਇਹ ਸਮੱਸਿਆ ਸਭ ਤੋਂ ਗੰਭੀਰ ਹੈ।"ਮਿਡ–ਡੇ ਮੀਲ", "ਪੋਸ਼ਣ ਅਭਿਆਨ" ਵਰਗੀਆਂ ਯੋਜਨਾਵਾਂ ਦੇ ਬਾਵਜੂਦ ਜ਼ਮੀਨੀ ਹਕੀਕਤ ਬਦਲਦੀ ਨਹੀਂ। ਜਦ ਤਕ ਮਾਂ–ਬੱਚੇ ਦੀ ਸਿਹਤ ਨੂੰ ਕੇਂਦਰ ਬਣਾਇਆ ਨਹੀਂ ਜਾਂਦਾ, ਕੁਪੋਸ਼ਣ ਦੀ ਲੜਾਈ ਅਧੂਰੀ ਰਹੇਗੀ।

ਗਰੀਬੀ ਵੀ ਵੱਡਾ ਸ਼ਰਾਪ ਬਣੀ ਹੋਈ ਹੈ। ਇਹ ਬਚਪਨ ਦੀ ਸਭ ਤੋਂ ਵੱਡੀ ਜ਼ੰਜੀਰ ਹੈ। ਯੂਨੀਸੇਫ ਦੇ ਅੰਕੜਿਆਂ ਮੁਤਾਬਕ, ਭਾਰਤ ਵਿੱਚ ਲਗਭਗ 30 ਕਰੋੜ ਲੋਕ ਗਰੀਬੀ ਰੇਖਾ ਤੋਂ ਹੇਠਾਂ ਜੀ ਰਹੇ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਵੱਡਾ ਅਸਰ ਬੱਚਿਆਂ ਤੇ ਪੈਂਦਾ ਹੈ।

ਗਰੀਬੀ ਬੱਚਿਆਂ ਦੀ ਸਿੱਖਿਆ, ਸਿਹਤ ਅਤੇ ਪੋਸ਼ਣ ਦੀ ਸਭ ਤੋਂ ਵੱਡੀ ਰੁਕਾਵਟ ਹੈ।

ਅਨੇਕਾਂ ਬੱਚੇ ਭੀਖ ਮੰਗਣ, ਕਾਰਖਾਨਿਆਂ, ਚਾਹ ਦੀਆਂ ਢਾਬਿਆਂ, ਘਰਾਂ ਜਾਂ ਖੇਤਾਂ ਵਿੱਚ ਮਜ਼ਦੂਰੀ ਕਰਨ ਲਈ ਮਜਬੂਰ ਹਨ।

ਉਹਨਾਂ ਲਈ ਬਚਪਨ ਖੇਡਾਂ ਦਾ ਨਹੀਂ, ਭੁੱਖ ਦਾ ਨਾਮ ਹੈ।

ਗਰੀਬੀ ਨੇ ਬਚਪਨ ਨੂੰ ਉਮਰ ਤੋਂ ਪਹਿਲਾਂ ਬੁੱਢਾ ਕਰ ਦਿੱਤਾ ਹੈ — ਜਿੱਥੇ ਹੋਰ ਬੱਚੇ ਖਿਡਾਉਣਿਆਂ ਨਾਲ ਖੇਡਦੇ ਹਨ, ਉਥੇ ਇਹ ਬੱਚੇ ਹਕੀਕਤ ਨਾਲ ਜੂਝਦੇ ਹਨ।

ਸਿੱਖਿਆ ਤੋਂ ਵਾਂਝੇ ਬੱਚੇ ਦੀ ਗਿਣਤੀ ਅੱਜ ਵੀ ਬਹੁਤ ਹੈ। ਗਿਆਨ ਤੋਂ ਬਿਨਾਂ ਭਵਿੱਖ ਹਨੇਰੇ ਵਿਚ ਹੁੰਦਾ ਹੈ।

ਭਾਵੇਂ ਸਿੱਖਿਆ ਦਾ ਅਧਿਕਾਰ ਕਾਨੂੰਨ (RTE Act, 2009) ਹਰ ਬੱਚੇ ਨੂੰ 6 ਤੋਂ 14 ਸਾਲ ਦੀ ਉਮਰ ਵਿਚ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੀ ਗਾਰੰਟੀ ਦਿੰਦਾ ਹੈ, ਪਰ ਅਜੇ ਵੀ ਲੱਖਾਂ ਬੱਚੇ ਸਕੂਲੋਂ ਤੋਂ ਬਾਹਰ ਹਨ। ਯੂਨੀਸੇਫ ਅਨੁਸਾਰ, ਭਾਰਤ ਵਿੱਚ ਲਗਭਗ 1.2 ਕਰੋੜ ਬੱਚੇ ਅਜੇ ਵੀ ਸਕੂਲ ਨਹੀਂ ਜਾਂਦੇ। ਕੋਵਿਡ–19 ਦੌਰਾਨ ਡਿਜ਼ੀਟਲ ਖਾਈ ਨੇ ਗਰੀਬ ਬੱਚਿਆਂ ਨੂੰ ਹੋਰ ਪਿੱਛੇ ਧੱਕ ਦਿੱਤਾ। ਉਹ ਦੋ ਸਾਲ ਸਿੱਖਿਆ ਹੀ ਨਹੀਂ ਲੈ ਕੇ ਜਿਸ ਨਾਲ ਉਹ ਕਾਫੀ ਪਛੜ ਗਏ।

ਕਈ ਪਿੰਡਾਂ ਵਿੱਚ ਅਜੇ ਵੀ ਅਧਿਆਪਕਾਂ ਦੀ ਘਾਟ, ਟਾਇਲਟਾਂ ਅਤੇ ਸਾਫ਼ ਪਾਣੀ ਦੀ ਕਮੀ ਹੈ। ਬੱਚਿਆਂ ਦੇ ਬੈਠਣ ਲਈ ਟਾਟਾ ਤੱਕ ਨੀ ਹੈਗੀ। ਆਂਗਨਵਾੜੀ ਸੈਂਟਰਾਂ ਲਈ ਪੂਰੀਆਂ ਇਮਾਰਤਾਂ ਨਹੀ ਹਨ। ਸਕੂਲਾਂ ਵਿਚ ਪੂਰੇ ਕਮਰੇ ਨਹੀਂ ਹਨ।

ਜਿੱਥੇ ਸਰਕਾਰੀ ਸਕੂਲਾਂ ਵਿੱਚ ਬੱਚੇ ਗਰਮੀ ਤੇ ਭੁੱਖ ਨਾਲ ਤੜਫ਼ਦੇ ਹਨ, ਉਥੇ ਸ਼ਹਿਰੀ ਸਕੂਲਾਂ ਵਿੱਚ ਤਿਉਹਾਰਾਂ ਦੀ ਰੌਣਕ ਹੈ।

ਇਹ ਦੋ ਭਾਰਤਾਂ ਦਾ ਫਰਕ ਬਚਪਨ ਦੀ ਸਭ ਤੋਂ ਵੱਡੀ ਦੁੱਖ ਦੀ ਗੱਲ ਹੈ।

ਬਾਲ–ਮਜ਼ਦੂਰੀ ਜੋਕ ਵਾਂਗ ਚਿੰਬੜੀ ਹੋਈ ਹੈ। ਛੋਟੇ ਹੱਥਾਂ ਵਿੱਚ ਭਾਰੀ ਬੋਝ ਚੁੱਕਣਾ ਪੈਂਦਾ ਹੈ।ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ, ਦੇਸ਼ ਵਿੱਚ ਲਗਭਗ 1.02 ਕਰੋੜ ਬਾਲ–ਮਜ਼ਦੂਰ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਦੀ ਉਮਰ 5 ਤੋਂ 14 ਸਾਲ ਦੇ ਵਿਚਕਾਰ ਹੈ।

ਇਹ ਬੱਚੇ ਇੱਟਾਂ ਦੇ ਭੱਠਿਆਂ, ਚਾਹ ਦੀਆਂ ਢਾਬਿਆਂ, ਕਾਰਖਾਨਿਆਂ, ਖਾਣਾਂ ਤੇ ਘਰਾਂ ਵਿੱਚ ਕੰਮ ਕਰਦੇ ਹਨ।

ਕਈ ਵਾਰ ਉਹਨਾਂ ਦੇ ਹੱਥਾਂ ਵਿੱਚ ਕਲਮ ਦੀ ਥਾਂ ਹਥੌੜਾ ਹੁੰਦਾ ਹੈ। ਭੱਠਿਆਂ ਤੇ ਚਾਹ ਦੀ ਦੁਕਾਨਾਂ ਬੱਚੇ ਆਮ ਕੰਮ ਕਰਦੇ ਦਿਖਾਈ ਦਿੰਦੇ ਹਨ।

ਹਾਲਾਂਕਿ "ਬਾਲ ਮਜ਼ਦੂਰੀ (ਰੋਕਥਾਮ ਅਤੇ ਨਿਯਮ) ਐਕਟ 1986" ਅਤੇ 2016 ਦਾ ਸੁਧਾਰ ਇਸ 'ਤੇ ਪਾਬੰਦੀ ਲਗਾਉਂਦਾ ਹੈ, ਪਰ ਗਰੀਬੀ ਤੇ ਮਜਬੂਰੀ ਕਾਨੂੰਨ ਤੋਂ ਵੱਧ ਤਾਕਤਵਰ ਸਾਬਤ ਹੋ ਰਹੇ ਹਨ।

ਯੌਨ ਸ਼ੋਸ਼ਣ ਅਤੇ ਬਾਲ ਤਸਕਰੀ ਵੱਡੀ ਸਮੱਸਿਆ ਹੈ — ਇਹ ਸਮਾਜ ਦਾ ਕਾਲਾ ਚਿਹਰਾ ਵੀ ਨੰਗਾ ਕਰਦਾ ਹੈ।

ਨੈਸ਼ਨਲ ਕਰਾਈਮ ਰਿਕਾਰਡ ਬਿਊਰੋ (NCRB 2023) ਦੇ ਅੰਕੜਿਆਂ ਅਨੁਸਾਰ —ਹਰ ਰੋਜ਼ ਭਾਰਤ ਵਿੱਚ 60 ਤੋਂ ਵੱਧ ਬੱਚਿਆਂ ਨਾਲ ਯੌਨ ਸ਼ੋਸ਼ਣ ਦੇ ਮਾਮਲੇ ਦਰਜ ਹੁੰਦੇ ਹਨ।

ਹਾਲਾਂਕਿ POCSO ਐਕਟ (2012) ਦੇ ਤਹਿਤ ਬੱਚਿਆਂ ਦੀ ਰੱਖਿਆ ਲਈ ਸਖ਼ਤ ਕਾਨੂੰਨ ਬਣੇ ਹੋਏ ਹਨ, ਪਰ ਨਿਆਂ ਪ੍ਰਕਿਰਿਆ ਬਹੁਤ ਧੀਮੀ ਹੈ।

ਅਨੇਕਾਂ ਮਾਮਲੇ ਤਾਂ ਦਰਜ ਹੀ ਨਹੀਂ ਹੁੰਦੇ ਕਿਉਂਕਿ ਡਰ, ਗਰੀਬੀ ਅਤੇ ਸਮਾਜਕ ਦਬਾਅ ਪੀੜਤ ਪਰਿਵਾਰ ਨੂੰ ਚੁੱਪ ਕਰਾ ਦਿੰਦਾ ਹੈ।

ਬੱਚਿਆਂ ਦੀ ਤਸਕਰੀ ਵੀ ਇੱਕ ਵੱਡੀ ਸਮੱਸਿਆ ਹੈ — ਉਹਨਾਂ ਨੂੰ ਮਜ਼ਦੂਰੀ, ਭੀਖ ਮੰਗਵਾਉਣ ਜਾਂ ਦੇਹ–ਵਪਾਰ ਵਿੱਚ ਧੱਕ ਦਿੱਤਾ ਜਾਂਦਾ ਹੈ।

ਇਹ ਅੰਕੜੇ ਸਿਰਫ਼ ਅੰਕ ਨਹੀਂ — ਇਹ ਸਾਡੇ ਸਮਾਜ ਦੀ ਆਤਮਾ 'ਤੇ ਦਾਗ ਹਨ।

ਸਿਹਤ ਸਹੂਲਤਾਂ ਦੀ ਕਮੀ ਵੀ ਵੱਡੇ ਪੱਧਰ ਤੇ ਪਾਈ ਜਾਂਦੀ ਹੈ।ਜ਼ਿੰਦਗੀ ਦੀ ਲੜਾਈ ਜਨਮ ਤੋਂ ਪਹਿਲਾਂ ਹੀ ਹਾਰ ਜਾਂਦੇ ਨੇ ਬੱਚੇ।

ਭਾਰਤ ਵਿੱਚ ਹਾਲਾਂਕਿ ਬੱਚਾ ਮੌਤ ਦਰ (IMR) ਘੱਟੀ ਹੈ, ਪਰ ਅਜੇ ਵੀ ਹਰ ਹਜ਼ਾਰ ਜੰਮੇ ਬੱਚਿਆਂ ਵਿੱਚੋਂ ਲਗਭਗ 28 ਬੱਚੇ ਇੱਕ ਸਾਲ ਤੋਂ ਪਹਿਲਾਂ ਮਰ ਜਾਂਦੇ ਹਨ।

ਇਸ ਦਾ ਮੁੱਖ ਕਾਰਨ ਹੈ —ਗਰਭਵਤੀ ਮਹਿਲਾਵਾਂ ਦੀ ਕਮਜ਼ੋਰ ਸਿਹਤ,ਸਿਹਤ ਸਹੂਲਤਾਂ ਦੀ ਘਾਟ ,ਗਰੀਬੀ ਅਤੇ ਅਣਜਾਣਤਾ,ਟੀਕਾਕਰਣ ਦੀ ਕਮੀ ਹੈ

ਪਿੰਡਾਂ ਵਿੱਚ ਅਜੇ ਵੀ ਡਾਕਟਰਾਂ ਦੀ ਘਾਟ ਹੈ, ਅਤੇ ਪ੍ਰਾਇਮਰੀ ਸਿਹਤ ਕੇਂਦਰਾਂ ਵਿੱਚ ਬੁਨਿਆਦੀ ਦਵਾਈਆਂ ਤੱਕ ਉਪਲਬਧ ਨਹੀਂ।

"ਆਯੁਸ਼ਮਾਨ ਭਾਰਤ" ਜਿਹੀਆਂ ਯੋਜਨਾਵਾਂ ਸ਼ਹਿਰੀ ਪੱਧਰ ਤੱਕ ਹੀ ਸੀਮਿਤ ਰਹਿ ਜਾਂਦੀਆਂ ਹਨ।

ਭੀਖ ਮੰਗਣ ਲਈ ਬੱਚੇ ਮਜਬੂਰ ਹਨ।ਇਹ ਸ਼ਹਿਰਾਂ ਦਾ ਦਰਦਨਾਕ ਚਿਹਰਾ ਹੈ।

ਸ਼ਹਿਰਾਂ ਦੀਆਂ ਚਮਕਦਾਰ ਲਾਈਟਾਂ ਹੇਠਾਂ ਸਿਗਨਲਾਂ ਤੇ ਖੜ੍ਹੇ ਬੱਚੇ ਭੀਖ ਮੰਗਦੇ ਦਿਸਦੇ ਹਨ।ਉਹਨਾਂ ਦੇ ਹੱਥਾਂ ਵਿੱਚ ਕਲਮ ਦੀ ਥਾਂ ਭਾਂਡਾ ਹੁੰਦਾ ਹੈ, ਅਤੇ ਅੱਖਾਂ ਵਿੱਚ ਉਮੀਦ ਨਹੀਂ — ਸਿਰਫ਼ ਖਾਲੀਪਨ ਦਿਖਦਾ ਹੈ।।

ਅਨੇਕਾਂ ਮਾਫੀਆ ਗਰੁੱਪ ਇਨ੍ਹਾਂ ਬੱਚਿਆਂ ਨੂੰ ਭੀਖ ਮੰਗਣ ਲਈ ਮਜਬੂਰ ਕਰਦੇ ਹਨ ਅਤੇ ਉਹਨਾਂ ਦੀ ਕਮਾਈ ਖੋਹ ਲੈਂਦੇ ਹਨ।

"ਚਾਈਲਡ ਬੈਗਿੰਗ ਪ੍ਰੋਹਿਬਿਸ਼ਨ ਐਕਟ 1959" ਮੌਜੂਦ ਹੋਣ ਦੇ ਬਾਵਜੂਦ ਲਾਗੂਕਰਨ ਬਿਲਕੁਲ ਕਮਜ਼ੋਰ ਹੈ।

ਭੀਖ ਮੰਗਣਾ ਗਰੀਬੀ ਦਾ ਨਤੀਜਾ ਨਹੀਂ ਇਹ ਸਮਾਜਕ ਅਸਫਲਤਾ ਦਾ ਪ੍ਰਤੀਕ ਹੈ।

ਸਰਕਾਰੀ ਯੋਜਨਾਵਾਂ ਵਿੱਚ ਇਰਾਦੇ ਚੰਗੇਹਨ। ਪਰ ਲਾਗੂ ਕਰਨ ਵਿਚ ਕਮਜ਼ੋਰ ਵੀ ਦਿਖਾਈ ਦਿੰਦੀ ਹੈ।

ਭਾਰਤ ਸਰਕਾਰ ਨੇ ਬੱਚਿਆਂ ਲਈ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਹਨ:

ਇੰਟੀਗ੍ਰੇਟਡ ਚਾਈਲਡ ਡਿਵੈਲਪਮੈਂਟ ਸਰਵਿਸ (ICDS),ਪੋਸ਼ਣ ਅਭਿਆਨ

ਮਿਡ–ਡੇ ਮੀਲ ਸਕੀਮ,ਬੇਟੀ ਬਚਾਓ, ਬੇਟੀ ਪੜ੍ਹਾਓ,ਸਰਵ ਸਿੱਖਿਆ ਅਭਿਆਨ

## ਆਯੁਸ਼ਮਾਨ ਭਾਰਤ ਯੋਜਨਾ ਪਰ

ਪਰ ਜ਼ਿਆਦਾਤਰ ਪ੍ਰੋਗਰਾਮ ਕਾਗਜ਼ੀ ਐਲਾਨਾ ਤੱਕ ਸੀਮਿਤ ਹਨ। ਪਿਛਲੇ ਦਿਨ ਇੱਕ ਰਾਜ ਦੀ ਭੋਜਨ ਖਾਂਦਿਆਂ ਦੀ ਵੀਡੀਓ ਵਾਇਰਲ ਹੋਈ ਇਸ ਨੇ ਭੋਜਨ ਖਾਣ ਦਾ ਸਰਕਾਰ ਦੇ ਪ੍ਰਬੰਧ ਦਾ ਭੇਤ ਖੋਲ ਦਿੱਤਾ। ਸਰਕਾਰਾਂ ਨੂੰ ਕੋਈ ਚਿੰਤਾ ਨਹੀਂ।

ਇਸ ਆਉਣ ਵਾਲੀ ਪੀੜ੍ਹੀ ਦੀ ਜ਼ਿੰਦਗੀ ਕਿਵੇਂ ਸੁਧਰੇ ਇਹ ਸਮਾਜਕ ਜ਼ਿੰਮੇਵਾਰੀ — ਸਿਰਫ਼ ਸਰਕਾਰ ਦੀ ਨਹੀਂ, ਸਾਡੀ ਵੀ ਹੈ।ਜੇ ਅਸੀਂ ਹਰ ਸਾਲ ਬਾਲ ਦਿਵਸ ਮਨਾਉਣ ਨਾਲ ਆਪਣੇ ਫਰਜ਼ ਤੋਂ ਬਰੀ ਹੋ ਜਾਂਦੇ ਹਾਂ, ਤਾਂ ਇਹ ਦਿਖਾਵਾ ਹੈ।ਬੱਚਿਆਂ ਦੀ ਅਸਲੀ ਤਰੱਕੀ ਲਈ ਸਮਾਜ ਦਾ ਹਰੇਕ ਹਿੱਸਾ — ਮਾਪੇ, ਅਧਿਆਪਕ, ਮੀਡੀਆ, ਐਨਜੀਓ ਅਤੇ ਆਮ ਨਾਗਰਿਕ — ਜ਼ਿੰਮੇਵਾਰ ਹੈ।ਸਭ ਆਪਣੀ ਆਪਣੀ ਥਾਂ ਇਮਾਨਦਾਰੀ ਨਾਲ ਜ਼ਿੰਮੇਵਾਰੀ ਨਿਭਾਉਣ ਸਰਕਾਰ ਆਪਣਾ ਕੰਮ ਕਰਨ ,ਹਰ ਇੱਕ ਸਹੂਲਤ ਜੋ ਬੱਚਿਆਂ ਲਈ ਹੈ ਉਹ ਉਹਨਾਂ ਤੱਕ ਪਹੁੰਚ ਜਾਵੇ, ਸਿੱਖਿਆ ਦਾ ਮਿਆਰ ਉੱਚਾ ਹੋਵੇ। ਉਹਨਾਂ ਤੇ ਨਿਵੇਸ਼ ਕੀਤਾ ਜਾਵੇ ਉਹ ਸਾਡਾ ਭਵਿੱਖ ਹਨ। ਬਾਹਰਲੇ ਦੇਸ਼ਾਂ ਵਾਂਗ ਉਹਨਾਂ ਦੀ ਪੜ੍ਹਾਈ, ਖਾਣਾ, ਸਿਹਤ ਦਾ ਪੂਰਾ ਧਿਆਨ ਰੱਖਿਆ ਜਾਵੇ। ਬੱਚਿਆਂ ਦਾ ਸ਼ੋਸ਼ਣ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਭੀਖ ,ਬਾਲਵਿਆਹ, ਘੱਟ ਉਮਰ ਵਿੱਚ ਕੰਮ ਤੇ ਲੱਗਣ ਨੂੰ ਸਖ਼ਤੀ ਨਾਲ ਰੋਕਿਆ ਜਾਵੇ।

ਜੇਕਰ ਸਕੂਲ ਤੋਂ ਬਾਹਰ ਬੱਚੇ ਦੇਖੋ, ਤਾਂ ਉਸਦੀ ਸਹਾਇਤਾ ਕਰੋ। ਉਹਨਾਂ ਨੂੰ ਸਕੂਲ ਤੱਕ ਪਹੁੰਚਦੇ ਜ਼ਰੂਰ ਕਰੋ।

ਭੀਖ ਦੇਣ ਦੀ ਥਾਂ ਉਸਨੂੰ ਸਿੱਖਿਆ ਜਾਂ ਸੁਰੱਖਿਆ ਦਾ ਮੌਕਾ ਦਿਓ।ਘਰੇਲੂ ਕੰਮ ਲਈ ਬੱਚਾ ਰੱਖਣਾ ਕਾਨੂੰਨਨ ਗਲਤ ਹੈ — ਸ਼ਿਕਾਇਤ ਕਰੋ।ਬੱਚਿਆਂ ਨਾਲ ਹੋਣ ਵਾਲੇ ਸ਼ੋਸ਼ਣ 'ਤੇ ਚੁੱਪ ਨਾ ਰਹੋ।

ਜਦੋਂ ਸਮਾਜ ਇੱਕ ਜ਼ਿੰਮੇਵਾਰ ਪਰਿਵਾਰ ਵਾਂਗ ਬੱਚਿਆਂ ਲਈ ਸੋਚੇਗਾ, ਤਦ ਹੀ ਬਚਪਨ ਦੀ ਅਸਲੀ ਖ਼ੁਸ਼ੀ ਵਾਪਸ ਆ ਸਕੇਗੀ।

ਮੀਡੀਆ ਬਾਲ ਅਧਿਕਾਰਾਂ ਦੀ ਅਵਾਜ਼ ਜ਼ਰੂਰ ਉਠਾਵੇ।ਇਹ ਮੀਡੀਆ ਦਾ ਫਰਜ਼ ਹੈ।ਸਿਰਫ਼ ਤਿਉਹਾਰਾਂ ਦੀ ਰੌਣਕ ਦਿਖਾਉਣਾ ਸਹੀ ਨਹੀਂ, ਸਗੋਂ ਉਹਨਾਂ ਬੱਚਿਆਂ ਦੀ ਅਵਾਜ਼ ਬਣਨਾ ਹੈ ਜਿਨ੍ਹਾਂ ਦੀ ਕੋਈ ਅਵਾਜ਼ ਨਹੀਂ।

ਫਿਲਮਾਂ ਤੇ ਡੌਕਯੂਮੈਂਟਰੀਜ਼ ਜਿਵੇਂ "ਸਲਮਡੌਗ ਮਿਲੀਅਨੇਅਰ", "ਬੱਚੇ ਮਨ ਕੇ ਸੱਚੇ" ਆਦਿ ਨੇ ਲੋਕਾਂ ਦੀਆਂ ਅੱਖਾਂ ਖੋਲ੍ਹੀਆਂ ਹਨ। ਇਸ ਤੇ ਹੋਰ ਕੰਮ ਕਰਨਾ ਚਾਹੀਦਾ ਹੈ।ਸਰਕਾਰ ਇਸ ਨੂੰ ਉਤਸ਼ਾਹਿਤ ਕਰੇ।ਸੋਸ਼ਲ ਮੀਡੀਆ ਮੁਹਿੰਮਾਂ ਰਾਹੀਂ ਜਾਗਰੂਕਤਾ ਵਧਾਉਣ ਦੀ ਲੋੜ ਹੈ ਤਾਂ ਜੋ ਹਰੇਕ ਬੱਚਾ ਸੁਰੱਖਿਅਤ ਤੇ ਸਿੱਖਿਆਯਾਫ਼ਤਾ ਭਵਿੱਖ ਵੱਲ ਵਧੇ।

## ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਇਹ ਤਿਉਹਾਰ ਨਹੀਂ, ਜ਼ਿੰਮੇਵਾਰੀ ਬਣੇ।

ਬਾਲ ਦਿਵਸ ਦਾ ਮਤਲਬ ਕੇਕ ਕੱਟਣਾ, ਸੈਲਫ਼ੀਆਂ ਖਿੱਚਣਾ ਜਾਂ ਸਕੂਲੀ ਪ੍ਰੋਗਰਾਮ ਨਹੀਂ।ਇਹ ਉਹ ਦਿਨ ਹੋਣਾ ਚਾਹੀਦਾ ਹੈ ਜਦੋਂ ਅਸੀਂ ਆਪਣੇ ਅੰਦਰ ਪੁੱਛੀਏ —

"ਕੀ ਦੇਸ਼ ਦੇ ਹਰੇਕ ਬੱਚੇ ਨੂੰ ਉਸ ਦਾ ਹੱਕ ਮਿਲ ਰਿਹਾ ਹੈ?"

ਜਦ ਤਕ ਕੋਈ ਬੱਚਾ ਭੁੱਖਾ ਹੈ, ਕੋਈ ਬੱਚੀ ਡਰੀ ਹੋਈ ਹੈ, ਅਤੇ ਕੋਈ ਬੱਚਾ ਸਕੂਲ ਦੀ ਥਾਂ ਫੈਕਟਰੀ ਵਿੱਚ ਹੈ, ਤਦ ਤਕ ਬਾਲ ਦਿਵਸ ਮਨਾਉਣ ਦਾ ਅਸਲ ਮਤਲਬ ਖੋਖਲਾ ਹੈ।

ਬੱਚਿਆਂ ਨੂੰ ਸਿਰਫ਼ ਪਿਆਰ ਨਹੀਂ, ਸਗੋਂ ਸੁਰੱਖਿਆ, ਸਿੱਖਿਆ, ਪੋਸ਼ਣ ਅਤੇ ਸਨਮਾਨ ਦੀ ਲੋੜ ਹੈ।ਉਹ ਸਿਰਫ਼ ਭਵਿੱਖ ਨਹੀਂ — ਵਰਤਮਾਨ ਦਾ ਸਭ ਤੋਂ ਕੀਮਤੀ ਖ਼ਜ਼ਾਨਾ ਹਨ।"ਬੱਚਿਆਂ ਨੂੰ ਸਿਰਫ਼ ਦਿਨ ਨਹੀਂ, ਭਵਿੱਖ ਦਿਓ —

ਜਿੱਥੇ ਉਹ ਬਿਨਾਂ ਡਰ ,ਭੁੱਖ,ਗਰੀਬੀ,ਅਸੁਰੱਖਿਆ, ਸੁਪਨੇ ਦੇਖ ਸਕਣ।" ਇਹ ਹੀ ਅਸਲੀ ਬਾਲ ਦਿਵਸ ਹੋਵੇਗਾ।

# ਸਰਕਾਰੀ ਸੈਕੰਡਰੀ ਸਕੂਲ ਐਮੀਨੈਸ ਝੁਨੀਰ ਵਿਖੇ ਬਲਾਕ ਪੱਧਰੀ ਸਾਇੰਸ ਪ੍ਰਦਰਸ਼ਨੀ ਦਾ ਆਯੋਜਨ,,,,

"Equality and justice"
Patiala 14 November
INTERNATIONAL PAPER, 94636 01616
hardipchumber57@gmail.com




ਮਾਨਸਾ/ਝੁਨੀਰ 13 ਨਵੰਬਰ (ਆਤਮਾ ਸਿੰਘ ਪਮਾਰ) ਸਰਕਾਰੀ ਸੈਕੰਡਰੀ ਸਕੂਲ ਐਮੀਨੈਸ ਝੁਨੀਰ ਦੀ ਪ੍ਰਿੰਸੀਪਲ ਕੰਵਲ ਜੀਤ ਕੌਰ ਜੌੜੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 12 ਤੋਂ 13 ਨਵੰਬਰ ਤੱਕ ਇਸ ਸਕੂਲ ਵਿਖੇ ਬਲਾਕ ਪੱਧਰੀ ਸਾਇੰਸ ਪ੍ਰਦਰਸ਼ਨੀ ਦਾ (ਆਰ ਏ ਏ) ਤਹਿਤ ਆਯੋਜਨ ਕੀਤਾ ਗਿਆ। ਇਸ ਪ੍ਰਦਰਸ਼ਨੀ 'ਚ ਸਮੁੱਚੇ ਬਲਾਕ ਦੇ ਵਿਦਿਆਰਥੀਆਂ ਵੱਲੋਂ ਹਿੱਸਾ ਲਿਆ ਗਿਆ। ਉਹਨਾਂ ਦੱਸਿਆ ਕਿ ਇਸ ਪ੍ਰਦਰਸ਼ਨੀ ਦੌਰਾਨ 12 ਨਵੰਬਰ ਨੂੰ ਛੇਵੀਂ ਤੋਂ ਅੱਠਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਅਤੇ 13 ਨਵੰਬਰ ਨੂੰ ਨੌਵੀਂ ਤੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਉਹਨਾਂ ਅੱਗੇ ਦੱਸਿਆ ਕਿ ਪ੍ਰਦਰਸ਼ਨੀ ਦੌਰਾਨ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਬਹੁਤ ਹੀ ਮਿਹਨਤ ਕਰਕੇ ਵੱਖ ਵੱਖ ਵਿਸ਼ਿਆਂ ਨੂੰ ਦਰਸਾਉਂਦੇ ਸਾਇੰਸ ਦੇ ਮਾਡਲ ਤਿਆਰ ਕੀਤੇ ਗਏ। ਇਸ ਪ੍ਰੋਗਰਾਮ ਦਾ ਸਮੁੱਚਾ ਪ੍ਰਬੰਧ ਬਲਾਕ ਨੋਡਲ ਅਫ਼ਸਰ ਅਤੇ ਸਕੂਲ ਪ੍ਰਿੰਸੀਪਲ ਕੰਵਲਜੀਤ ਕੌਰ ਵੱਲੋਂ ਬਹੁਤ ਹੀ ਸੁਹਿਰਦਤਾ ਤੋਂ ਇਲਾਵਾ ਬੱਚਿਆਂ ਅਤੇ ਅਧਿਆਪਕਾਂ ਦੀਆਂ ਭਾਵਨਾਵਾਂ ਅਤੇ ਜ਼ਰੂਰਤਾਂ ਨੂੰ ਧਿਆਨ ਹਿੱਤ ਰੱਖਦਿਆਂ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਕੰਵਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਵਿਗਿਆਨ ਨੇ ਮਨੁੱਖੀ ਜੀਵਨ ਲਈ ਬਹੁਤ ਸਾਰੀਆਂ ਸਹੂਲਤਾਂ ਤੋਂ ਦੇਣ ਇਲਾਵਾ ਆਧੁਨਿਕ ਸੰਚਾਰ ਸਾਧਨਾਂ ਅਤੇ ਟੈਕਨਾਲੋਜੀ ਦੀਆਂ ਖੋਜਾਂ ਕਰਕੇ ਸੰਸਾਰ ਨੂੰ ਇੱਕ ਛੋਟੇ ਜਿਹੇ ਪਿੰਡ 'ਚ ਹੀ ਤਬਦੀਲ ਕਰ ਕੇ ਰੱਖ ਦਿੱਤਾ ਹੈ। ਉਹਨਾਂ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਦੇ ਧਾਰਨੀ ਬਣਨ ਦੀ ਅਪੀਲ ਵੀ ਇਸ ਸਮੇਂ ਕੀਤੀ। ਇਸ ਮੌਕੇ ਤਿਆਰੀ ਕਰਵਾਉਣ ਵਾਲੇ ਅਧਿਆਪਕਾਂ ਤੋਂ ਇਲਾਵਾ ਮੁਕਾਬਲਿਆਂ ਚੋਂ ਜੇਤੂ ਵਿਦਿਆਰਥੀਆਂ ਨੂੰ ਵੀ ਪ੍ਰਮਾਣ ਪੱਤਰ ਅਤੇ ਸਨਮਾਨ ਚਿੰਨ੍ਹ ਵੀ ਤਕਸੀਮ ਕੀਤੇ ਗਏ। ਇਸ ਸਮੇਂ ਅਮਰੀਕ ਸਿੰਘ, ਵਿਜੈ ਕੁਮਾਰ, ਲਖਵਿੰਦਰ ਸਿੰਘ, ਅਤੇ ਹਰਜੀਵਨ ਸਿੰਘ ਅਧਿਆਪਕਾਂ ਵੱਲੋਂ ਜੱਜ ਦੀ ਭੂਮਿਕਾ ਨਿਭਾਈ ਗਈ। ਇਸ ਤੋਂ ਇਲਾਵਾ ਲੈਕਚਰਾਰ ਸੋਨਮ ਮਹਿਤਾ, ਮਮਤਾ ਰਾਣੀ ਅਤੇ ਮਿਸ ਰਮਨਜੀਤ ਕੌਰ ਆਦਿ ਅਧਿਆਪਕ ਵੀ ਹਾਜ਼ਰ ਸਨ।

# ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵੱਲੋਂ ਪਰਾਲੀ ਪ੍ਰਬੰਧਨ ਬਾਰੇ ਕਾਲਜ ਦੇ ਵਿਦਿਆਰਥੀਆਂ ਨੂੰ ਕੀਤਾ ਜਾ ਰਿਹੈ ਜਾਗਰੂਕ

"Equality and justice" Patiala 14 November INTERNATIONAL PAPER, 94636 01616 hardipchumber57@gmail.com

ਸੰਗਰੂਰ,13 ਨਵੰਬਰ (ਜਗਸੀਰ ਸਿੰਘ)- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵੱਲੋਂ ਨਿਰਦੇਸ਼ਕ ਪਸਾਰ ਸਿੱਖਿਆ, ਪੀ.ਏ.ਯੂ, ਲੁਧਿਆਣਾ ਅਤੇ ਡਾਇਰੈਕਟਰ ਅਟਾਰੀ, ਜ਼ੋਨ 1, ਲੁਧਿਆਣਾ ਦੇ ਦਿਸ਼ਾ-ਨਿਰਦੇਸ਼ਾ ਹੇਠ ਝੋਨੇ ਦੀ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਕਾਲਜ ਵਿਦਿਆਰਥੀਆਂ ਲਈ ਇੱਕ ਜਾਗਰੂਕਤਾ ਸੈਮੀਨਾਰ ਯੂਨੀਵਰਸਿਟੀ ਕਾਲਜ, ਬੇਨੜਾ, ਤਹਿਸੀਲ ਧੂਰੀ ਵਿਖੇ ਆਯੋਜਿਤ ਕੀਤਾ ਗਿਆ।




ਸੈਮੀਨਾਰ ਦੌਰਾਨ ਸੰਬੋਧਨ ਕਰਦਿਆਂ ਡਾ. ਮਨਦੀਪ ਸਿੰਘ, ਇੰਚਾਰਜ, ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਨੇ ਵਿਦਿਆਰਥੀਆਂ ਨੂੰ ਪਰਾਲੀ ਸਾੜਨ ਨਾਲ ਮਨੁੱਖੀ ਸਿਹਤ ਅਤੇ ਵਾਤਾਵਰਣ ਨੂੰ ਹੋਣ ਵਾਲੇ ਨੁਕਸਾਨਾਂ ਅਤੇ ਪਰਾਲੀ ਨੂੰ ਖੇਤ ਵਿੱਚ ਹੀ ਸਾਂਭਣ ਦੀਆਂ ਤਕਨੀਕਾਂ ਅਤੇ ਫਾਇਦਿਆਂ ਬਾਰੇ ਵਿਸਤਾਰ ਵਿੱਚ ਜਾਣਕਾਰੀ ਦਿੱਤੀ। ਉਹਨਾਂ ਵਿਦਿਆਰਥੀਆਂ ਨੂੰ ਪਰਾਲੀ ਨੂੰ ਨਾ ਸਾੜਨ ਦਾ ਸੁਨੇਹਾ ਆਪਣੇ ਮਾਪਿਆਂ ਨਾਲ ਸਾਂਝਾ ਕਰਨ ਅਤੇ ਪਰਾਲੀ ਨੂੰ ਸਾਂਭਣ ਦੀਆਂ ਤਕਨੀਕਾਂ ਬਾਰੇ ਜਾਣਕਾਰੀ ਲੈਣ ਲਈ ਕ੍ਰਿਸ਼ੀ ਵਿਗਿਆਨ ਕੇਂਦਰ ਨਾਲ ਸੰਪਰਕ ਲਈ ਵੀ ਆਖਿਆ।

ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਤੀਬਾੜੀ ਨਾਲ ਜੁੜੇ ਵਿਸ਼ਿਆਂ 'ਤੇ ਜਾਗਰੂਕਤਾ ਬਹੁਤ ਜ਼ਰੂਰੀ ਹੈ ਤਾਂ ਜੋ ਵਾਤਾਵਰਣ ਸੁਰੱਖਿਆ ਨਾਲ ਮਿੱਟੀ ਦੀ ਉਪਜਾਊ ਸਮਰੱਥਾ ਨੂੰ ਵੀ ਬਰਕਰਾਰ ਰੱਖਿਆ ਜਾ ਸਕੇ।

ਡਾ. ਸੁਨੀਲ ਕੁਮਾਰ, ਸਹਾਇਕ ਪ੍ਰੋਫੈਸਰ (ਖੇਤੀ ਇੰਜੀ.) ਨੇ ਵਿਦਿਆਰਥੀਆਂ ਨੂੰ ਸੁਪਰ ਸੀਡਰ, ਹੈਪੀ ਸੀਡਰ ਅਤੇ ਸਮਾਰਟ ਸੀਡਰ ਵਰਗੀਆਂ ਨਵੀਨਤਮ ਖੇਤੀਬਾੜੀ ਮਸ਼ੀਨਾਂ ਬਾਰੇ ਜਾਣਕਾਰੀ ਦਿੱਤੀ, ਜੋ ਪਰਾਲੀ ਦੀ ਸੰਭਾਲ ਲਈ ਬਹੁਤ ਲਾਭਦਾਇਕ ਹਨ। ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ, ਉਨ੍ਹਾਂ ਨੇ ਵਾਤਾਵਰਣ ਸੰਭਾਲ ਦੀ ਮਹੱਤਤਾ 'ਤੇ ਜ਼ੋਰ ਦਿੱਤਾ I

ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਵੱਲੋਂ ਪੋਸਟਰ ਮੇਕਿੰਗ, ਕਵਿਤਾ ਪਾਠ, ਰੰਗੋਲੀ ਤੇ ਸਕਿੱਟ ਮੁਕਾਬਲੇ ਵੀ ਕਰਵਾਏ ਗਏ। ਜੱਜ ਦੀ ਭੂਮਿਕਾ ਡਾ. ਮਨਦੀਪ ਸਿੰਘ, ਡਾ.ਸੁਨੀਲ ਕੁਮਾਰ, ਡਾ. ਵਿਤਸਤਾ ਧਵਨ, ਡਾ. ਊਸ਼ਾ ਜੈਨ ਨੇ ਨਿਭਾਈ। ਮੰਚ ਸੰਚਾਲਨ ਦੀ ਭੂਮਿਕਾ ਡਾ. ਜਸਬੀਰ ਸਿੰਘ ਨੇ ਨਿਭਾਈ।

ਪ੍ਰੋਗਰਾਮ ਦੇ ਅੰਤ ਵਿੱਚ ਜੇਤੂ ਵਿਦਿਆਰਥੀਆਂ ਨੂੰ ਪ੍ਰੋਤਸਾਹਨ ਸਵਰੂਪ ਪੁਰਸਕਾਰ ਵੀ ਦਿੱਤੇ ਗਏ। ਪ੍ਰੋਗਰਾਮ ਉਪਰੰਤ ਕਾਲਜ ਕੈਂਪਸ ਅਤੇ ਕਾਲਜ ਦੇ ਨੇੜਲੇ ਏਰੀਏ ਵਿੱਚ ਜਾਗਰੂਕਤਾ ਰੈਲੀ ਵੀ ਕੱਢੀ ਗਈ। ਇਸ ਮੌਕੇ ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ ਡਾ. ਅਸ਼ੋਕ ਕੁਮਾਰ, ਡਾ. ਊਸ਼ਾ ਜੈਨ, ਰੈਡ ਰਿਬਨ ਕਲੱਬ ਇੰਚਾਰਜ ਡਾ. ਗਗਨਦੀਪ ਸਿੰਘ ਅਤੇ ਈਕੋ ਕਲੱਬ ਇੰਚਾਰਜ ਡਾ. ਰਾਕੇਸ਼ ਕੁਮਾਰ ਸਮੇਤ ਕਾਲਜ ਦੇ ਸਾਰਾ ਸਟਾਫ ਨੇ ਸ਼ਮੂਲੀਅਤ ਕੀਤੀ।

# ਗੁਰੂ ਕਾਸ਼ੀ ਸਾਹਿਤ ਅਕਾਦਮੀ ਦਾ ਸਲਾਨਾ ਸਮਾਗਮ ਯਾਦਗਾਰ ਹੋ ਨਿੱਬੜਿਆ

## ਪੰਜ ਮਹਾਨ ਸਖਸ਼ੀਅਤਾਂ ਨੂੰ ਕੀਤਾ ਗਿਆ ਸਨਮਾਨਿਤ

"Equality and justice" Patiala 14 November INTERNATIONAL PAPER, 94636 01616 hardipchumber57@gmail.com

12 ਨਵੰਬਰ (ਗਗਨਦੀਪ ਸਿੰਘ) ਤਲਵੰਡੀ ਸਾਬੋ: ਬੀਤੇ ਦਿਨੀਂ ਮਿਤੀ 11 ਨਵੰਬਰ ਨੂੰ ਗੁਰੂ ਕਾਸ਼ੀ ਸਾਹਿਤ ਅਕਾਦਮੀ ਦਮਦਮਾ ਸਾਹਿਬ ਰਜਿ.ਪੰਜਾਬ ਦਾ ਸਲਾਨਾ ਸਮਾਗਮ ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਹੋਇਆ। ਜਿਸ ਵਿੱਚ ਮੁੱਖ ਮਹਿਮਾਨ ਪ੍ਰੋ. (ਡਾ.) ਰਾਮੇਸ਼ਵਰ ਸਿੰਘ (ਵਾਈਸ ਚਾਂਸਲਰ GKU) ਅਤੇ ਵਿਸ਼ੇਸ਼ ਮਹਿਮਾਨ ਵਜੋਂ ਪ੍ਰੋ. (ਡਾ.) ਜਗਤਾਰ ਸਿੰਘ ਧੀਮਾਨ (ਰਜਿਸਟਰਾਰ ਤੇ ਪ੍ਰੋ ਵਾਈਸ ਚਾਂਸਲਰ GKU), ਸ. ਸਰਦੂਲ ਸਿੰਘ DSW (GKU) ਤੇ ਪ੍ਰੋ. ਹਰਜਸਪਲ ਸਿੰਘ (ਕੈਂਪਸ ਡਾਇਰੈਕਟਰ GKU) ਸ਼ਾਮਿਲ ਹੋਏ। ਡਾ. ਜਗਤਾਰ ਸਿੰਘ ਧੀਮਾਨ ਜੀ ਨੇ ਕਿਹਾ ਕਿ ਅਕਾਦਮੀ ਆਪਣੇ ਸਮਾਗਮ ਜਦੋਂ ਵੀ ਕਰੇ ਯੂਨੀਵਰਸਿਟੀ ਵਿਖੇ ਕਰੇ ਤੇ ਸਾਡਾ ਪੂਰਾ ਪੂਰਾ ਸਹਿਯੋਗ ਰਹੇਗਾ ਤੇ ਅਸੀਂ ਹਮੇਸ਼ਾ ਅਕਾਦਮੀ ਦੇ ਨਾਲ ਹਾਂ। ਪ੍ਰੋ. (ਡਾ.) ਗੁਰਜੀਤ ਸਿੰਘ ਜੀ ਨੇ ਅਤੇ ਹੋਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਅਸੀਂ ਅੱਜ ਸਾਹਿਤ ਅਕਾਦਮੀ ਵੱਲੋਂ ਪੰਜਾਬ ਦੇ ਉੱਚ ਕੋਟੀ ਦੇ ਪ੍ਰਸਿੱਧ ਸਾਹਿਤਕਾਰ ਸਨਮਾਨਿਤ ਕਰ ਰਹੇ ਹਾਂ। ਪ੍ਰੋ. ਬ੍ਰਹਮ ਜਗਦੀਸ਼



ਸਿੰਘ (ਗਿਆਨੀ ਬਲਵੰਤ ਸਿੰਘ ਕੋਠਾਗੁਰੂ ਯਾਦਗਾਰੀ ਅਵਾਰਡ+ਰਾਸ਼ੀ), ਡਾ. ਸਵਰਾਜ ਸਿੰਘ (ਪ੍ਰੋ. ਗੁਰਬਚਨ ਸਿੰਘ ਨਰੂਆਣਾ ਯਾਦਗਾਰੀ ਅਵਾਰਡ+ਰਾਸ਼ੀ), ਸੁਲੱਖਣ ਸਰਹੱਦੀ (ਜਨਾਬ ਦੀਪਕ ਜੈਤੋਈ ਯਾਦਗਾਰੀ ਅਵਾਰਡ+ਰਾਸ਼ੀ) ਆਦਿ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਦੋ ਸਖਸ਼ੀਅਤਾਂ ਜੋ ਨਾ ਟਾਲਣ ਯੋਗ ਰੁਝੇਵੇਂ ਕਾਰਣ ਪਹੁੰਚ ਨਹੀਂ ਸਕੀਆਂ ਨਿੰਦਰ ਘੁਗਿਆਣਵੀ (ਗੁਰਬਖਸ਼ ਸਿੰਘ ਪ੍ਰੀਤਲੜੀ ਯਾਦਗਾਰੀ ਅਵਾਰਡ+ਰਾਸ਼ੀ) ਤੇ ਬਲਦੇਵ ਸਿੰਘ ਸੜਕਨਾਮਾ (ਨਾਨਕ ਸਿੰਘ ਨਾਵਲਕਾਰ ਯਾਦਗਾਰੀ ਅਵਾਰਡ+ਰਾਸ਼ੀ) ਨਾਲ ਸਨਮਾਨਿਤ ਕੀਤਾ ਗਿਆ। ਇਹਨਾਂ ਦੋਨਾਂ ਸਖਸ਼ੀਅਤਾਂ ਦੇ ਸਨਮਾਨ ਅਤੇ ਰਾਸ਼ੀ ਮਾ.ਹਰਿੰਦਰ ਸਿੰਘ ਭੁੱਲਰ ਅਤੇ ਨਿਰਮਲ ਸਿੰਘ ਵਿਗਿਆਨੀ ਦੋਵਾਂ ਸਖਸ਼ੀਅਤਾਂ ਨੂੰ ਸਪੁਰਦ ਕੀਤੇ ਗਏ। ਚੇਅਰਮੈਨ ਦਰਸ਼ਨ ਸਿੰਘ ਪ੍ਰੀਤੀਮਾਨ ਨੇ ਅਕਾਦਮੀ ਦੇ ਕਮੇਟੀ ਮੈਂਬਰਾਂ ਨੂੰ ਕੁੱਜੇ ਚ ਸਮੁੰਦਰ ਬੰਦ ਕੀਤਾ। ਸੰਸਥਾਪਕ ਪ੍ਰਧਾਨ ਹਰਗੋਬਿੰਦ ਸਿੰਘ ਸ਼ੇਖਪੁਰੀਆ ਨੇ ਵੀ ਕੁੱਜੇ ਚ ਸਮੁੰਦਰ ਬੰਦ ਕਰ ਸਾਹਿਤ ਅਕਾਦਮੀ ਬਾਰੇ ਜਾਣ ਪਛਾਣ ਕਰਵਾਈ।

ਡਾ. ਗੁਰਪ੍ਰੀਤ ਕੌਰ, ਡਾ. ਅਮਨਦੀਪ ਕੌਰ, ਡਾ. ਸੰਦੀਪ ਸਿੰਘ, ਡਾ. ਸੁਖਮਨ ਅਤੇ ਡਾ. ਰਮਨਦੀਪ ਕੌਰ (ਪੰਜਾਬੀ ਵਿਭਾਗ GKU) ਆਦਿ ਸਖਸ਼ੀਅਤਾਂ ਨੇ ਸਨਮਾਨਿਤ ਹੋਈਆਂ ਪੰਜ ਮਹਾਨ ਸਖਸ਼ੀਅਤਾਂ ਉੱਪਰ ਪਰਚਾ ਪੜ੍ਹ ਉਹਨਾਂ ਸਖਸ਼ੀਅਤਾਂ ਨਾਲ ਰੂ ਬ ਰੂ ਕਰਵਾਇਆ। ਸਮਾਗਮ ਦੌਰਾਨ ਅਕਾਦਮੀ ਦੇ ਮਾਣਯੋਗ ਮੋਢੀ ਮੈਂਬਰ ਸਿਕੰਦਰ ਮਾਨਵ ਦੀ ਪਲੇਠੀ ਪੁਸਤਕ "ਤਪਦੇ ਰਸਤੇ ਬਲਦੀਆਂ ਛਾਵਾਂ" ਲੋਕ ਅਰਪਣ ਕੀਤੀ ਗਈ, ਜਿਸ ਉੱਪਰ ਸਹਾਇਕ ਪ੍ਰੋਫੈਸਰ ਜਗਮੀਤ ਹਰਫ਼ (ਐਮ ਆਰ ਸਰਕਾਰੀ ਕਾਲਜ ਫਾਜਿਲਕਾ) ਨੇ ਪਰਚਾ ਪੜ੍ਹਿਆ। ਇਸ ਦੇ ਨਾਲ ਤਿੰਨ ਹੋਰ ਪੁਸਤਕਾਂ ਡਾਲਰ ਦੀ ਕੀਮਤ, ਮਰਦਾ ਮਰਦਾ ਬਚਿਆ ਮੈਂ ਅਤੇ ਉਹ ਪਹਿਲੀ ਮੁਹੱਬਤ ਲੋਕ ਅਰਪਣ ਕੀਤੀਆਂ ਗਈਆਂ।

ਸਮਾਗਮ ਦੌਰਾਨ ਹਾਜ਼ਰ ਕਵੀਆਂ ਨੇ ਆਪਣੀ ਰਚਨਾ ਪੜ੍ਹ ਸਮਾਗਮ ਦੀ ਰੌਣਕ ਨੂੰ ਚਾਰ ਚੰਨ ਲਗਾਏ ਜਿਸ ਵਿੱਚ ਪ੍ਰੋ. ਬੀਰ ਇੰਦਰ ਸਰਾਂ, ਕੁਲਦੀਪ ਦੀਪ, ਰਿੱਕੀ ਮਾਨਸਾ, ਮਰਜਾਣਾ ਸ਼ਾਇਰ, ਮਾਹੀ ਸਿੱਧੂ, ਸ਼ਿਵਨਾਥ ਦਰਦੀ, ਪਰਮ ਬਠਿੰਡਾ, ਸੰਦੀਪ ਸੇਖਲ, ਬਲਕਾਰ ਸਿੰਘ ਭਾਈਰੂਪਾ, ਵਤਨਵੀਰ ਜਖਮੀ, ਗੁਰਤੇਜ ਸਿੰਘ ਮੱਖਣ, ਸਰਵਰਿੰਦਰ ਸਿੰਘ ਬੇਦੀ, ਜਸਕਰਨ ਮੱਤਾ, ਜਸਵੀਰ ਸਿੱਧੂ ਆਦਿ ਸ਼ਾਮਲ ਹੋਏ। ਮਾ. ਰੇਵਤੀ ਪ੍ਰਸ਼ਾਦ(ਪ੍ਰਧਾਨ ਕਵੀਸ਼ਰੀ ਵਿਕਾਸ ਮੰਚ), ਦਰਸ਼ਨ ਸਿੰਘ ਭੰਮੇ (ਸਕੱਤਰ ਕਵੀਸ਼ਰੀ ਵਿਕਾਸ ਮੰਚ), ਦਰਸ਼ਨ ਸਿੰਘ ਚੱਠਾ (ਪ੍ਰਧਾਨ ਗੁਰੂ ਕਾਸ਼ੀ ਸਾਹਿਤ ਸਭਾ ਰਜਿ. ਤਲਵੰਡੀ ਸਾਬੋ) ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।

ਪ੍ਰੋਗਰਾਮ ਕੋਆਰਡੀਨੇਟਰ ਗਗਨ ਫੂਲ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਈ। ਸਮਾਗਮ ਦੌਰਾਨ ਕਾਰਜਕਾਰਨੀ ਕਮੇਟੀ ਮੈਂਬਰ ਪ੍ਰੀਤ ਕੈਂਥ ਵਿੱਤ ਸਕੱਤਰ, ਕੰਵਰਜੀਤ ਸਿੰਘ ਜਨਰਲ ਸਕੱਤਰ, ਸੁਖਰਾਜ ਸਿੰਘ ਸਕੱਤਰ, ਭੁਪਿੰਦਰ ਸਿੰਘ ਪੰਨੀਵਾਲੀਆ ਐਡੀਟਰ ਤੇ ਪ੍ਰੈੱਸ ਸਕੱਤਰ, ਮਾ. ਸੁਰਿੰਦਰਪਾਲ ਸਿੰਘ ਸਾਥੀ ਮੀਤ ਪ੍ਰਧਾਨ ਹਰਿਆਣਾ, ਜਸ ਬਠਿੰਡਾ ਮੀਤ ਪ੍ਰਧਾਨ, ਨਿਰਮਲ ਸਿੰਘ ਵਿਗਿਆਨੀ ਸੀਨੀ. ਮੀਤ ਪ੍ਰਧਾਨ ਆਦਿ ਹਾਜਰ ਹੋਏ। ਅੰਤ ਵਿੱਚ ਸਰਪ੍ਰਸਤ ਗਿਆਨੀ ਕੌਰ ਸਿੰਘ ਕੋਠਾਗੁਰੂ ਜੀ ਨੇ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ, ਕਵੀਜਨਾਂ, ਸ਼ਾਇਰਾਂ ਤੇ ਲੇਖਕਾਂ ਸਰੋਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਪੰਜ ਮਹਾਨ ਸਨਮਾਨਿਤ ਸਖਸ਼ੀਅਤਾਂ ਨੂੰ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ।

# ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ 1680

## ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਦੇ ਚੌਥਾ ਦਰਜਾ ਮੁਲਾਜਮਾਂ ਕੱਚਿਆਂ ਤੇ ਪੱਕਿਆ ਵਲੋਂ ਪੰਜਾਬ ਸਰਕਾਰ ਦਾ ਰੈਲੀ ਕਰਕੇ ਕੀਤੀ ਪਿੱਟ—ਸਿਆਪਾ — ਦਰਸ਼ਨ ਲੁਬਾਣਾ

"Equality and justice" Patiala 14 November INTERNATIONAL PAPER, 94636 01616 hardipchumber57@gmail.com

ਪਟਿਆਲਾ 13 ਨਵੰਬਰ : ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਵਿੱਚਲੇ ਚੌਥਾ ਦਰਜਾ ਮੁਲਾਜਮਾਂ—ਕੱਚਿਆਂ ਤੇ ਪੱਕਿਆ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਅੱਗੇ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਦੀ ਰੋਸ਼ਨੀ ਵਿੱਚ ਸਮੁੱਚੇ ਕੱਚੇ ਮੁਲਾਜਮਾਂ ਨੂੰ ਠੇਕੇਦਾਰੀ ਪ੍ਰਥਾ ਤੋਂ ਮੁਕਤੀ ਦੇਣ, ਬਰਾਬਰ ਕੰਮ—ਬਰਾਬਰ ਤਨਖਾਹ ਦੇਣ ਦਾ ਹੁਕਮ ਲਾਗੂ ਕਰਨ, ਅਦਾਰਿਆਂ ਵਿੱਚ ਖਪਾਕੇ ਸੇਵਾਵਾਂ ਦੀਆਂ ਨਿਯਮਤ ਨਿਯੁਕਤੀਆਂ ਕਰਨ, 16 ਫੀਸਦੀ ਮਹਿੰਗਾਈ ਭੱਤਾ ਜਾਰੀ ਕਰਨ, ਮਿਡ—ਡੇ—ਮਿਲ ਵਰਕਰਾਂ ਨੂੰ ਘੱਟੋ—ਘੱਟ ਉਜਰਤਾਂ ਦੇਣ ਅਤੇ ਸਮੁੱਚੇ ਸਕੀਮ ਵਰਕਰਾਂ ਨੂੰ ਇਸ ਵਿੱਚ ਕਵਰ ਕਰਨ, ਸਰਕਾਰੀ ਸਕੂਲਾਂ ਵਿੱਚ ਸਫਾਈ ਸੇਵਕਾਂ ਦੀ 3000/— ਹਜਾਰ ਤੇ ਚੌਕੀਦਾਰਾ ਦੀ 5000/— ਰੁਪਏ ਪ੍ਰਤੀ ਮਾਹ ਤੇ ਭਰਤੀ ਕਰਨ ਦਾ ਫੈਸਲਾ ਵਾਪਸ ਲੈਣ, ਸਮੁੱਚੇ ਨਗਰ ਨਿਗਮ, ਨਗਰ ਕੌਂਸਲਾਂ, ਨਗਰ ਪ੍ਰੀਸ਼ਦਾਂ ਵਿਚਲੇ ਸਫਾਈ ਕਰਮੀਆਂ, ਸੀਵਰਮੈਨਾਂ ਤੇ ਚੌਥਾ ਦਰਜਾ ਕਰਮੀਆਂ ਨੂੰ ਬਰਾਬਰ—ਕੰਮ—ਬਰਾਬਰ ਤਨਖਾਹ ਦੇ ਘੇਰੇ ਵਿੱਚ ਲਿਆ ਅਦਾਰਿਆਂ ਵਿੱਚ ਚੌਥਾ ਦਰਜਾ ਮੁਲਾਜਮਾਂ ਦੀ ਰੈਗੂਲਰ ਭਰਤੀ ਕਰਨ ਸਮੇਤ ਇੱਕ ਦਰਜਨ ਮੰਗਾਂ ਦਾ ਯਾਦ—ਪੱਤਰ ਮੁੱਖ ਸਕੱਤਰ ਪੰਜਾਬ ਨੂੰ ਭੇਜਿਆ ਗਿਆ।




ਸਮੁੱਚੇ ਮੁਲਾਜਮਾਂ ਪਹਿਲਾਂ ਵਣ ਮੰਡਲ ਅਫਸਰ ਦਫਤਰ ਅੱਗੇ ਇਕੱਤਰ ਹੋਏ ਤੇ ਇੱਥੇ ਰੈਲੀ ਕਰਕੇ ਮੰਗ ਕੀਤੀ ਕਿ ਫਾਰਗ ਕੀਤੇ ਵਰਕਰ ਹਾਜਰ ਕੀਤੇ ਜਾਣ, ਤਨਖਾਹਾਂ ਜਾਰੀ ਕੀਤੀਆਂ ਤੇ ਦਿਹਾੜੀਦਾਰ ਕਾਮਿਆਂ ਦਾ ਆਰਥਿਕ ਸ਼ੋਸ਼ਣ ਬੰਦ ਕਰਕੇ ਸੇਵਾਵਾਂ ਪੱਕੀਆਂ ਕੀਤੀਆਂ ਜਾਣ, 2023 ਦੀ ਨੀਤੀ ਤਹਿਤ ਪੱਕੇ ਕੀਤੇ ਕਰਮੀਆਂ ਨੂੰ ਤਨਖਾਹ ਸਕੇਲਾਂ, ਭੱਤਿਆਂ ਤੇ ਪੈਨਸ਼ਨ ਦੇ ਘੇਰੇ ਵਿੱਚ ਲਿਆਂਦਾ ਜਾਵੇ, ਰੈਲੀ ਵਿੱਚ ਜ਼ੋਰਦਾਰ ਮੰਗ ਕੀਤੀ ਗਈ ਕਿ ਪੁਰਾਣੀ ਪੈਨਸ਼ਨ ਨੂੰ ਤੁਰੰਤ ਬਹਾਲ ਕੀਤਾ ਜਾਵੇ। ਰੈਲੀ ਵਿੱਚ ਕੇਂਦਰ ਸਰਕਾਰ ਵਲੋਂ ਭਾਖੜਾ, ਬਿਆਸ ਮੈਨੇਜਮੈਂਟ ਬੋਰਡ ਵਿੱਚ ਪੰਜਾਬ ਦੀ ਨੁਮਾਇੰਦਗੀ ਖਤਮ ਕਰਨ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਨਜਾਇਜ ਕਬਜਾ ਕਰਨ ਤੇ ਸੈਨੇਟਨੂੰ ਤੋੜਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਇਸ ਤਰ੍ਹਾਂ ਰੈਲੀ ਵਿੱਚ ਮੁੱਖ ਮੰਤਰੀ ਵਲੋਂ ਸਰਕਾਰੀ ਵਿਭਾਗਾਂ ਨੂੰ ਜਿੰਦਰਾ ਲਗਾਉਣ ਦੀ ਵੀ ਸਖਤ ਨਿੰਦਿਆ ਕੀਤੀ ਗਈ, ਆਗੂਆਂ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਮੁੱਖ ਮੰਤਰੀ ਸਰਕਾਰੀ ਵਿਭਾਗਾਂ ਨੂੰ ਜਿੰਦਰਾ ਲਗਾ ਰਹੇ ਹਨ, ਇਨ੍ਹਾਂ ਦੇ ਦਿੱਲੀ ਵਾਲੇ ਆਕਾ ਨਿਰੰਤਰ ਝੂਠ ਤੇ ਝੂਠ ਬੋਲ ਰਹੇ ਹਨ, ਇਹ ਮਾਮਲਾ ਧੂਰੀ ਰੈਲੀ ਵਿੱਚ ਉਠਾਇਆ ਜਾਵੇਗਾ। ਰੈਲੀ ਨੇ ਬਿਜਲੀ ਬੋਰਡ ਸਮੇਤ ਸਰਕਾਰੀ ਜਾਇਦਾਦਾਂ ਨੂੰ ਆਮ ਆਦਮੀ ਸਰਕਾਰ ਵੱਲੋਂ ਕੋਢੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ। ਜ਼ੋ ਪੰਜਾਬ ਲਈ ਵੱਡਾ ਦੁਖਾਂਤ ਹੈ।

ਮੁਲਾਜਮ ਆਗੂਆਂ ਦਰਸ਼ਨ ਸਿੰਘ ਲੁਬਾਣਾ, ਜਗਮੋਹਨ ਨੋਲੱਖਾ ਨੇ ਐਲਾਨ ਕੀਤਾ ਕਿ ਮਿਤੀ 16 ਨਵੰਬਰ ਨੂੰ ਪੰਜਾਬ ਮੁਲਾਜਮ ਤੇ ਪੈਨਸ਼ਨਰ ਸਾਂਝੇ ਫਰੰਟ ਵਲੋਂ ਮੁੱਖ ਮੰਤਰੀ ਦੇ ਵਿਧਾਨ ਸਭਾ ਹਲਕਾ ਧੂਰੀ ਵਿਖੇ ਵਿਸ਼ਾਲ ਰੈਲੀ ਵਿੱਚ ਪਟਿਆਲਾ ਤੋਂ ਇੱਕ ਵੱਡਾ ਜੱਥਾ ਵਹਿਕਲਾਂ ਰਾਹੀਂ ਤੇ ਰੈਲੀ ਰਾਹੀਂ ਪਹੁੰਚੇਗਾ।

ਜ਼ੋ ਹੋਰ ਆਗੂਆਂ ਨੇ ਭਰਵੀ ਰੈਲੀ ਵਿੱਚ ਸ਼ਮੂਲੀਅਤ ਕੀਤੀ ਉਹਨਾ ਵਿੱਚ ਸਰਵ ਸ੍ਰੀ ਰਾਮ ਲਾਲ ਰਾਮਾ, ਨਾਰੰਗ ਸਿੰਘ, ਰਾਜੇਸ਼ ਗੋਲੂ, ਰਾਮ ਪ੍ਰਸਾਦ ਸਹੋਤਾ, ਸ਼ਿਵ ਚਰਨ, ਇੰਦਰਪਾਲ ਵਾਲਿਆ, ਲਖਵੀਰ ਸਿੰਘ, ਮੋਦ ਨਾਥ ਸ਼ਰਮਾ, ਉਂਕਾਰ ਸਿੰਘ ਦਮਨ, ਨਿਸ਼ਾ ਰਾਣੀ, ਜ਼ਸਪਾਲ ਸਿੰਘ, ਧਰਮਿੰਦਰ, ਰਾਜੇਸ਼ ਕੁਮਾਰ, ਰਤਨ ਸਿੰਘ, ਬਲਬੀਰ ਸਿੰਘ, ਤਰਲੋਚਨ ਮਾੜੂ, ਸੁਭਾਸ਼, ਜੁਗਨੂੰ, ਰਾਜ ਕੁਮਾਰ, ਪਰਮਜੀਤ ਸਿੰਘ, ਸਤਿਨਰਾਇਣ ਗੋਨੀ, ਸੁਨੀਲ ਦੱਤ, ਦੇਸ਼ ਰਾਜ, ਅਮਨ ਕੁਮਾਰ, ਬੁੱਧ ਰਾਮ, ਹਰਦੀਪ ਸਿੰਘ, ਸਤਨਾਮ ਸਿੰਘ, ਸੁਖਵਿੰਦਰ ਸਿੰਘ, ਹਰਵਿੰਦਰ ਸਿੰਘ, ਚਰਨਜੀਤ ਮਰਦਾਪੁਰ, ਗੁਰਿੰਦਰ ਗੁਰੀ, ਭੁਪਿੰਦਰ ਸਿੰਘ, ਤਰਲੋਚਨ ਮੰਡੋਲੀ, ਦਰਸ਼ਨ ਮਲੇਵਾਲ, ਦਿਆ ਸ਼ੰਕਰ ਆਦਿ ਹਾਜਰ ਸਨ।

# ਆਸ਼ੀਰਵਾਦ ਸਕੂਲ ਝਾੜੋਂ ਦੇ ਵਿਦਿਆਰਥੀਆਂ ਨੇ ਪੰਜਾਬ ਪੱਧਰੀ ਚੇਤਨਾ ਪਰਖ ਪ੍ਰੀਖਿਆ ਵਿਚੋਂ ਪੁਜੀਸ਼ਨਾਂ ਹਾਸਿਲ ਕਰਕੇ ਮੱਲਾਂ ਮਾਰੀਆਂ

"Equality and justice" Patiala 14 November INTERNATIONAL PAPER, 94636 01616 hardipchumber57@gmail.com

ਲੌਂਗੋਵਾਲ,13 ਨਵੰਬਰ (ਜਗਸੀਰ ਸਿੰਘ)-

ਇਲਾਕੇ ਦੀ ਨਾਮਵਰ ਸੰਸਥਾ ਆਸ਼ੀਰਵਾਦ ਡੇ ਬੋਰਡਿੰਗ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਝਾੜੋਂ ਦੇ ਵਿਦਿਆਰਥੀਆਂ ਨੇ 6 ਅਕਤੂਬਰ 2025 ਨੂੰ ਪੰਜਾਬ ਪੱਧਰ ਤੇ ਹੋਈ ਚੇਤਨਾ ਪਰਖ ਪ੍ਰੀਖਿਆ ਵਿੱਚ ਮੱਲਾਂ ਮਾਰੀਆਂ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਸ. ਜਗਸੀਰ ਸਿੰਘ ਨੇ ਦੱਸਿਆ ਕਿ 12 ਨਵੰਬਰ 2025 ਨੂੰ ਪੰਜਾਬ ਪੱਧਰ ਤੇ ਤਰਕਸ਼ੀਲ ਕਮੇਟੀ ਵੱਲੋਂ ਐਲਾਨੇ




ਗਏ ਨਤੀਜੇ ਵਿੱਚ ਸਕੂਲ ਦੇ ਨੌਵੀਂ ਜਮਾਤ,ਦਸਵੀਂ, ਅੱਠਵੀਂ, ਸੱਤਵੀਂ, ਗਿਆਰ ਵੀਂ,ਬਾਰ ਵੀਂ ਜਮਾਤ ਦੇ ਵਿਦਿਆਰਥੀਆਂ ਨੇ ਸਟੇਟ, ਜੋਨ ਅਤੇ ਯੂਨਿਟ ਪੱਧਰ ਤੇ ਪੁਜੀਸ਼ਨਾਂ ਹਾਸਿਲ ਕੀਤੀਆਂ ਨੌਵੀ ਜਮਾਤ ਦੀ ਵਿਦਿਆਰਥਣ ਗੁਰਸ਼ਾਨ ਕੌਰ ਪੁੱਤਰੀ ਪ੍ਰਿਥੀਪਾਲ ਸਿੰਘ ਨੇ ਪੰਜਾਬ ਪੱਧਰ ਤੇ ਪਹਿਲੀ ਪੁਜੀਸ਼ਨ ਹਾਸਿਲ ਕੀਤੀ ਅਤੇ ਇਸੇ ਤਰ੍ਹਾਂ ਨੌਵੀਂ ਜਮਾਤ ਦੀ ਵਿਦਿਆਰਥਣ ਸਵਰਨਜੀਤ ਕੌਰ ਪੁੱਤਰੀ ਗੁਰਦੀਪ ਸਿੰਘ ਅਤੇ ਦਸਵੀਂ ਜਮਾਤ ਦੀ ਵਿਦਿਆਰਥਣ ਹਰਲੀਨ ਕੌਰ ਪੁੱਤਰੀ ਘਮੰਡਾ ਸਿੰਘ ਨੇ ਜੋਨ ਪੱਧਰ ਤੇ ਪਹਿਲੀ ਪੁਜੀਸ਼ਨ ਪ੍ਰਾਪਤ ਕੀਤੀ ਅਤੇ ਯੂਨਿਟ ਵਿੱਚੋਂ ਸਹਿਜਵੀਰ ਸਿੰਘ ਸਿੱਧੂ ਪੁੱਤਰ ਰਣਜੀਤ ਸਿੰਘ ਸੱਤਵੀਂ ਕਲਾਸ ,ਧਰਮਜੋਤ ਸਿੰਘ ਪੁੱਤਰ ਮੇਜਰ ਸਿੰਘ ਅੱਠਵੀਂ ਕਲਾਸ, ਸੁੰਦਰਵੀਰ ਕੌਰ ਪੁੱਤਰੀ ਪਾਲ ਸਿੰਘ 11ਵੀਂ ਕਲਾਸ ਸਿਮਰਨਪ੍ਰੀਤ ਕੌਰ ਪੁੱਤਰੀ ਬੁੱਧ ਸਿੰਘ ਗਿਆਰ੍ਹਵੀਂ ਕਲਾਸ, ਸਿਮਰਨਜੀਤ ਕੌਰ ਪੁੱਤਰੀ ਪ੍ਰੇਮ ਸਿੰਘ ਬਾਰਵੀਂ ਕਲਾਸ ਨੇ ਯੂਨਿਟ ਪੱਧਰ ਤੇ ਪੁਜੀਸ਼ਨਾਂ ਹਾਸਲ ਕਰਕੇ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ। ਸਕੂਲ ਵਿੱਚ ਪਹੁੰਚਣ ਤੇ ਪ੍ਰਿੰਸੀਪਲ ਸ.ਜਗਸੀਰ ਸਿੰਘ ਵੱਲੋਂ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕਰਕੇ ਉਹਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ ਤੇ ਨਾਲ ਹੀ ਉਹਨਾਂ ਦੇ ਕਲਾਸ ਇੰਚਾਰਜ ਨੂੰ ਵੀ ਵਧਾਈ ਦਿੱਤੀ । ਇਸ ਮੌਕੇ ਵਾਇਸ ਪ੍ਰਿੰਸੀਪਲ ਮੈਡਮ ਗੁਰਮੀਤ ਕੌਰ ਅਤੇ ਸਮੂਹ ਸਟਾਫ ਮੈਂਬਰ ਵੀ ਸ਼ਾਮਿਲ ਸਨ।

"Equality and justice"
Patiala 14 November
INTERNATIONAL PAPER, 94636 01616
hardipchumber57@gmail.com

# ਅੱਖਾਂ ਦੀਆਂ ਬਿਮਾਰੀਆਂ: ਜਾਣੋ ਕਾਰਨ, ਲੱਛਣ ਤੇ ਇਲਾਜ

ਡਾ. ਅਮੀਤਾ ਰਾਣੀ
±917589363090

ਮਨੁੱਖ ਦੇ ਸਰੀਰ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹਨ। ਇਹ ਸਿਰਫ਼ ਸਾਡੇ ਦ੍ਰਿਸ਼ਟੀ ਦੀ ਯੋਗਤਾ ਹੀ ਨਹੀਂ ਵਧਾਉਂਦੀਆਂ, ਸਗੋਂ ਸਾਡੇ ਜੀਵਨ ਦੀ ਗੁਣਵੱਤਾ ਨੂੰ ਵੀ ਨਿਰਧਾਰਤ ਕਰਦੀਆਂ ਹਨ। ਅੱਜਕੱਲ੍ਹ ਅੱਖਾਂ ਨਾਲ ਸੰਬੰਧਤ ਬਿਮਾਰੀਆਂ ਦੀ ਗਿਣਤੀ ਵੱਧ ਰਹੀ ਹੈ। ਮਾਹਿਰਾਂ ਦੇ ਅਨੁਸਾਰ, ਗਲਤ ਆਹਾਰ, ਵੱਧ ਸਮਾਂ ਸਕ੍ਰੀਨ ਦੇ ਸਾਹਮਣੇ ਬਿਤਾਉਣਾ, ਗੰਦੀ ਹਾਈਜੀਨ, ਅਤੇ ਜ਼ਿਆਦਾ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਵਾਲੇ ਮਰੀਜ਼ਾਂ ਕਾਰਨ ਅੱਖਾਂ ਦੀਆਂ ਬਿਮਾਰੀਆਂ ਤੇਜ਼ੀ ਨਾਲ ਫੈਲ ਰਹੀਆਂ ਹਨ।

## ਅੱਖਾਂ ਦੀਆਂ ਆਮ ਬਿਮਾਰੀਆਂ

. ਰਿਫਰੈਕਟਿਵ ਏਰਰਸ (ਚਸ਼ਮੇ ਵਾਲੀਆਂ ਬਿਮਾਰੀਆਂ)

ਮਾਈਓਪੀਆ (ਨਜ਼ਦੀਕੀ ਨਜ਼ਰ ਦੀ ਕਮੀ): ਇਸ ਵਿੱਚ ਵਿਅਕਤੀ ਦੂਰ ਦੀਆਂ ਚੀਜ਼ਾਂ ਨੂੰ ਧੁੰਦਲਾ ਵੇਖਦਾ ਹੈ। ਬੱਚਿਆਂ ਅਤੇ ਨੌਜਵਾਨਾਂ ਵਿੱਚ ਇਹ ਸਭ ਤੋਂ ਆਮ ਹੈ।

ਹਾਈਪਰੋਪੀਆ (ਦੂਰ ਦੀ ਨਜ਼ਰ ਦੀ ਕਮੀ): ਨਜ਼ਦੀਕੀ ਚੀਜ਼ਾਂ ਪੜ੍ਹਨ ਵਿੱਚ ਮੁਸ਼ਕਿਲ।

ਐਸਟੀਗਮੈਟਿਜ਼ਮ: ਅੱਖ ਦੀ ਆਕਾਰ ਗੋਲ ਨਹੀਂ ਰਹਿੰਦੀ, ਜਿਸ ਨਾਲ ਚੀਜ਼ਾਂ ਧੁੰਦਲੀਆਂ ਨਜ਼ਰ ਆਉਂਦੀਆਂ ਹਨ।

### ਪ੍ਰੈਸਬਾਈਓਪੀਆ: ਉਮਰ ਵੱਧਣ ਨਾਲ ਨਜ਼ਦੀਕੀ ਚੀਜ਼ਾਂ ਦੇਖਣ ਦੀ ਯੋਗਤਾ ਘੱਟ ਹੋ ਜਾਣਾ।

ਲੱਛਣ: ਧੁੰਦਲੀ ਨਜ਼ਰ, ਸਿਰ ਦਰਦ, ਅੱਖਾਂ 'ਚ ਥਕਾਵਟ।


ਇਲਾਜ: ਚਸ਼ਮੇ, ਕੰਟੈਕਟ ਲੈਂਸ, ਲੇਜ਼ਰ ਓਪਟਿਕ ਸਰਜਰੀ।

### ਕੰਜੰਕਟਿਵਾਇਟਿਸ (ਪਿੰਕ ਆਈ / ਆਖ ਲਾਲ ਹੋ ਜਾਣਾ)

ਇਹ ਬਿਮਾਰੀ ਅੱਖਾਂ ਦੀ ਬਾਹਰੀ ਪਰਤ "ਕੰਜੰਕਟਿਵਾ" ਨੂੰ ਪ੍ਰਭਾਵਿਤ ਕਰਦੀ ਹੈ। ਇਸਦਾ ਕਾਰਨ ਵਾਇਰਸ, ਬੈਕਟੀਰੀਆ, ਐਲਰਜੀ ਜਾਂ ਧੂੜ-ਧੁੰਦ ਹੋ ਸਕਦੀ ਹੈ।

ਲੱਛਣ:
ਲਾਲਾਹਟ
ਪਾਣੀ ਵਰਗੀ ਸੁਰਖ ਰਕਤਦਾਰ ਰਿਸਾਵਟ
ਖੁਜਲੀ ਅਤੇ ਅਸਹਜਤਾ

ਇਲਾਜ: ਆਂਖਾਂ ਦੀ ਸਫਾਈ, ਐਂਟੀਬਾਇਓਟਿਕ/ਐਂਟੀਵਾਇਰਲ ਡ੍ਰਾਪਸ, ਐਲਰਜੀ ਹੋਣ 'ਤੇ ਐਲਰਜੀ ਡ੍ਰਾਪਸ।



### 3. ਮੋਤੀਆ ਬਿੰਦ (Cataract)

ਲੈਂਸ ਦੀ ਧੁੰਦਲੀ ਹੋ ਜਾਣ ਕਾਰਨ ਦ੍ਰਿਸ਼ਟੀ ਘੱਟ ਹੋ ਜਾਂਦੀ ਹੈ। ਬਜ਼ੁਰਗ ਲੋਕਾਂ ਵਿੱਚ ਸਭ ਤੋਂ ਆਮ।

ਲੱਛਣ:
ਚੀਜ਼ਾਂ ਧੁੰਦਲੀ ਨਜ਼ਰ
ਰੰਗਾਂ ਵਿੱਚ ਘੱਟ ਤਾਜਗੀ
ਰਾਤ ਵਿੱਚ ਨਜ਼ਰ ਦਾ ਬੁਰਾ ਹੋਣਾ

ਇਲਾਜ: ਸਰਜਰੀ, ਜਿੱਥੇ ਪੁਰਾਣਾ ਲੈਂਸ ਹਟਾ ਕੇ ਨਵਾਂ ਇੰਪਲਾਂਟ ਕੀਤਾ ਜਾਂਦਾ ਹੈ।

### ਗਲੋਕੋਮਾ (Glaucoma / ਕਾਲਾ ਮੋਤੀਆ)

ਅੱਖ ਦੇ ਦਬਾਅ ਵੱਧ ਜਾਣ ਕਾਰਨ ਆਈ ਨਰਵ ਨੂੰ ਨੁਕਸਾਨ। ਜੇ ਸਮੇਂ ਸਿਰ ਇਲਾਜ ਨਾ ਹੋਵੇ ਤਾਂ ਅੰਨ੍ਹਾਪਨ ਵੀ ਹੋ ਸਕਦਾ ਹੈ।

ਲੱਛਣ:
ਸ਼ੁਰੂਆਤੀ ਦੌਰ ਵਿੱਚ ਕੋਈ ਲੱਛਣ ਨਹੀਂ
ਧੁੰਦਲੀ ਨਜ਼ਰ
ਰੋਸ਼ਨੀ ਦੇ ਆਲੇ-ਦੁਆਲੇ ਹੇਲੋ-ਹੇਲੇ ਦਾ ਦਿਖਣਾ

ਇਲਾਜ:
ਦਵਾਈਆਂ (Eye drops)
ਸਰਜਰੀ ਜਾਂ laser treatment

### ਡਾਇਬਟੀਕ ਰੈਟੀਨੋਪੈਥੀ

ਸ਼ੂਗਰ ਵਾਲੇ ਮਰੀਜ਼ਾਂ ਵਿੱਚ ਆਈ ਬਲੱਡ ਵੈਸਲਜ਼ ਨੁਕਸਾਨ ਪਹੁੰਚਦੇ ਹਨ, ਜਿਸ ਨਾਲ ਰੈਟੀਨਾ ਖਰਾਬ ਹੁੰਦਾ ਹੈ।

ਲੱਛਣ:
ਦ੍ਰਿਸ਼ਟੀ ਧੁੰਦਲੀ ਹੋ ਜਾਣਾ
ਅਚਾਨਕ ਦ੍ਰਿਸ਼ਟੀ ਘਟਣਾ
ਅੱਖਾਂ 'ਚ ਧੁੱਪ ਵਰਗੀ ਛਾਂਵ ਜਾਂ ਬਲੱਡ ਸਪੌਟਸ

ਇਲਾਜ:
ਸ਼ੂਗਰ ਕੰਟਰੋਲ
ਲੇਜ਼ਰ ਥੈਰੇਪੀ
ਸਰਜਰੀ ਜੇ ਲੋੜ ਹੋਵੇ

### ਮੈਕੁਲਰ ਡੀਜਨਰੇਸ਼ਨ (AMD / ਉਮਰ ਨਾਲ ਸੰਬੰਧਿਤ)

ਮੈਕੁਲਾ ਅੱਖਾਂ ਦੇ ਕੇਂਦਰੀ ਨਜ਼ਰ ਨੂੰ ਪ੍ਰਭਾਵਿਤ ਕਰਦੀ ਹੈ। ਬਜ਼ੁਰਗਾਂ ਵਿੱਚ ਇਹ ਆਮ।

ਲੱਛਣ:
ਕੇਂਦਰੀ ਦ੍ਰਿਸ਼ਟੀ ਦਾ ਘੱਟ ਹੋਣਾ
ਚੀਜ਼ਾਂ ਧੁੰਦਲੀ ਨਜ਼ਰ
ਰੰਗਾਂ ਦੀ ਸਮਝ ਘੱਟ ਹੋਣਾ

ਇਲਾਜ: ਅੰਕੜੇ/ਡ੍ਰਾਪਸ ਅਤੇ ਲੇਜ਼ਰ ਥੈਰੇਪੀ।ਸਟਾਈ ਅਤੇ ਬਲੀਫਰਾਇਟਿਸ

### ਪਲਕਾਂ ਦੇ ਗ੍ਰੰਥੀਆਂ ਵਿੱਚ ਸੂਜਨ ਜਾਂ ਇਨਫੈਕਸ਼ਨ।

ਲੱਛਣ:
ਪਲਕਾਂ 'ਤੇ ਲਾਲ ਗੰਠ
ਖੁਜਲੀ ਅਤੇ ਪਾਣੀ ਰਿਸਨਾ
ਅੱਖਾਂ ਦੇ ਕੰਧੇ 'ਤੇ ਦਰਦ

ਇਲਾਜ: ਹਲਕੀ ਮਸਾਜ, ਐਂਟੀਬਾਇਓਟਿਕ ਕ੍ਰੀਮ/ਡ੍ਰਾਪਸ।

ਆਮ ਆਈ ਪ੍ਰੇਸ਼ਰਬੀਮਾਰੀਆ

ਡ੍ਰਾਈ ਆਈ (Dry Eye Syndrome)
ਐਂਟੀਬਾਇਓਟਿਕ ਦਵਾਈਆਂ ਨਾਲ ਸਾਇਡ-ਇਫੈਕਟ
ਅੱਖਾਂ ਦੀ ਸੁਰੱਖਿਆ ਨਾ ਹੋਣ ਕਾਰਨ ਚੋਟ

ਪੰਜਾਬ ਅਤੇ ਭਾਰਤ ਵਿੱਚ ਅੱਖਾਂ ਦੀ ਸਿਹਤ ਦੀ ਹਾਲਤ

ਪੰਜਾਬ ਵਿੱਚ 10 ਤੋਂ 15% ਲੋਕ 40 ਸਾਲ ਤੋਂ ਉਪਰ ਹਨ ਜਿਨ੍ਹਾਂ ਨੂੰ ਕਾਫ਼ੀ ਹੱਦ ਤੱਕ ਅੱਖਾਂ ਦੀਆਂ ਬਿਮਾਰੀਆਂ ਹਨ।

ਸ਼ਹਿਰੀ ਖੇਤਰ ਵਿੱਚ ਸਕ੍ਰੀਨ ਟਾਈਮ ਵੱਧਣ ਕਾਰਨ ਮਾਈਓਪੀਆ ਤੇਜ਼ੀ ਨਾਲ ਵੱਧ ਰਹੀ ਹੈ।

ਪਿੰਡਾਂ ਵਿੱਚ ਅਕਸਰ ਡਾਇਬਟੀਕ ਰੈਟੀਨੋਪੈਥੀ ਅਤੇ ਮੋਤੀਆ ਬਿੰਦ ਦੇ ਮਾਮਲੇ ਜ਼ਿਆਦਾ ਮਿਲਦੇ ਹਨ।

### ਮਾਹਿਰਾਂ ਦੀ ਸਲਾਹ:

ਹਾਈਜੀਨ ਦਾ ਧਿਆਨ ਰੱਖੋ।
ਸਟ੍ਰੈੱਸ ਅਤੇ ਸਕ੍ਰੀਨ ਟਾਈਮ ਘੱਟ ਕਰੋ।
ਨਿਯਮਤ ਰੂਪ ਨਾਲ ਅੱਖਾਂ ਦੀ ਜਾਂਚ ਕਰਵਾਉ।
ਸਰਕਾਰੀ ਅਤੇ ਸਮਾਜਕ ਜ਼ਿੰਮੇਵਾਰੀ
ਸਕੂਲਾਂ ਵਿੱਚ ਵਿਦਿਆਰਥੀਆਂ ਦੀਆਂ ਅੱਖਾਂ ਦੀ ਜਾਂਚ।
ਜਨਤਾ ਨੂੰ ਅੱਖਾਂ ਦੀ ਸਿਹਤ ਬਾਰੇ ਜਾਗਰੂਕਤਾ ਮੁਹਿੰਮ।
ਗ੍ਰਾਮੀਣ ਖੇਤਰਾਂ ਵਿੱਚ ਫਰੀ ਆਈ ਚੈਕਅੱਪ ਕੈਂਪ।

ਅੱਖਾਂ ਦੀ ਸਹੀ ਦੇਖਭਾਲ ਨਾਲ ਕਈ ਗੰਭੀਰ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਜੇ ਸਮੇਂ ਸਿਰ ਇਲਾਜ ਕਰਵਾਇਆ ਜਾਵੇ, ਤਾਂ ਵਿਅਕਤੀ ਆਪਣੇ ਦ੍ਰਿਸ਼ਟੀ ਨੂੰ ਸੁਰੱਖਿਅਤ ਰੱਖ ਸਕਦਾ ਹੈ ਅਤੇ ਜੀਵਨ ਦਾ ਸੁਖੀ ਅਨੁਭਵ ਕਰ ਸਕਦਾ ਹੈ।

# "ਬਾਲ ਦਿਵਸ" (ਬੱਚੇ ਦੇਸ਼ ਦਾ ਭਵਿੱਖ ਹਨ – ਆਓ ਉਨ੍ਹਾਂ ਨੂੰ ਪਿਆਰ, ਸਿੱਖਿਆ ਅਤੇ ਸੁਰੱਖਿਆ ਦੇਈਏ)

"Equality and justice"
Patiala 14 November
INTERNATIONAL PAPER, 94636 01616
hardipchumber57@gmail.com



ਪਵਨ ਕੁਮਾਰ ਅੱਤਰੀ
ਕਪੂਰਥਲਾ
pkattriii@gmail.com

ਬਾਲ ਦਿਵਸ ਭਾਰਤ ਵਿੱਚ ਹਰ ਸਾਲ 14 ਨਵੰਬਰ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਜਨਮ ਦਿਨ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਬੱਚਿਆਂ ਲਈ ਉਨ੍ਹਾਂ ਦੇ ਪਿਆਰ ਅਤੇ ਲਗਨ ਕਰਕੇ ਸਭ ਉਨ੍ਹਾਂ ਨੂੰ ਚਾਚਾ ਨਹਿਰੂ ਕਹਿੰਦੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਅੱਜ ਦੇ ਬੱਚੇ ਹੀ ਕੱਲ੍ਹ ਦੇ ਦੇਸ਼ ਦਾ ਭਵਿੱਖ ਹਨ, ਇਸ ਲਈ ਉਨ੍ਹਾਂ ਦਾ ਸਹੀ ਪਾਲਣ ਪੋਸ਼ਣ ਅਤੇ ਸਿੱਖਿਆ ਬਹੁਤ ਜ਼ਰੂਰੀ ਹੈ।

ਸਕੂਲਾਂ ਵਿੱਚ ਇਸ ਦਿਨ ਵਿਸ਼ੇਸ਼ ਪ੍ਰੋਗਰਾਮ, ਮੁਕਾਬਲੇ ਅਤੇ ਸੱਭਿਆਚਾਰਕ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ । ਬੱਚਿਆਂ ਨੂੰ ਤੋਹਫ਼ੇ, ਮਠਿਆਈਆਂ ਅਤੇ ਖਿਡੌਣੇ ਵੀ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਅਧਿਆਪਕ ਅਤੇ ਮਾਪੇ ਬੱਚਿਆਂ ਨੂੰ ਖੁਸ਼ ਕਰਨ ਲਈ ਵਿਸ਼ੇਸ਼ ਗਤੀਵਿਧੀਆਂ ਕਰਦੇ ਹਨ। ਇਹ ਦਿਨ ਬੱਚਿਆਂ ਦੇ ਚਿਹਰਿਆਂ 'ਤੇ ਖੁਸ਼ੀ ਅਤੇ ਉਤਸ਼ਾਹ ਲਿਆਉਂਦਾ ਹੈ।

ਬਾਲ ਦਿਵਸ ਸਾਨੂੰ ਇਹ ਸਿਖਾਉਂਦਾ ਹੈ ਕਿ ਬੱਚੇ ਸਾਡੇ ਦੇਸ਼ ਦਾ ਭਵਿੱਖ ਹਨ। ਇਸ ਲਈ ਸਾਨੂੰ ਉਨ੍ਹਾਂ ਦੀ ਦੇਖਭਾਲ, ਸੁਰੱਖਿਆ ਅਤੇ ਸਿੱਖਿਆ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਹਰ ਬੱਚੇ ਨੂੰ ਆਪਣੇ ਸੁਪਨੇ ਦੇਖਣ ਅਤੇ ਉਹਨਾਂ ਨੂੰ ਪੂਰਾ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ, ਤਾਂ ਜੋ ਉਹ ਇੱਕ ਚੰਗਾ ਅਤੇ ਖੁਸ਼ਹਾਲ ਜੀਵਨ ਜੀ ਸਕਣ।

ਅਸਲ ਵਿੱਚ, ਬਾਲ ਦਿਵਸ ਸਿਰਫ਼ ਖੁਸ਼ੀਆਂ ਮਨਾਉਣ ਦਾ ਦਿਨ ਨਹੀਂ, ਸਗੋਂ ਇਹ ਸਾਨੂੰ ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਅਤੇ ਉਨ੍ਹਾਂ ਦੇ ਭਵਿੱਖ ਨੂੰ ਸੁਰੱਖਿਅਤ ਬਣਾਉਣ ਦਾ ਸੰਦੇਸ਼ ਦਿੰਦਾ ਹੈ। ਇਹ ਦਿਨ ਸਾਨੂੰ ਯਾਦ ਕਰਾਉਂਦਾ ਹੈ ਕਿ ਹਰ ਬੱਚਾ ਪਿਆਰ, ਸਿੱਖਿਆ ਅਤੇ ਸਮਾਨ ਮੌਕਿਆਂ ਦਾ ਹੱਕਦਾਰ ਹੈ, ਤਾਂ ਜੋ ਉਹ ਦੇਸ਼ ਦਾ ਮਾਣ ਬਣ ਸਕੇ। ਬਾਲ ਦਿਵਸ ਸਾਨੂੰ ਇਹ ਸਿਖਾਉਂਦਾ ਹੈ ਕਿ ਜਿਵੇਂ ਅਸੀਂ ਆਪਣੇ ਬਚਪਨ ਦੀਆਂ ਮਿੱਠੀਆਂ ਯਾਦਾਂ ਨੂੰ ਸੰਭਾਲਦੇ ਹਾਂ, ਤਿਵੇਂ ਹਰ ਬੱਚੇ ਨੂੰ ਉਹੀ ਖੁਸ਼ੀਆਂ ਅਤੇ ਮੌਕੇ ਮਿਲਣ ਚਾਹੀਦੇ ਹਨ। ਆਓ, ਇਸ ਦਿਨ ਅਸੀਂ ਵਾਅਦਾ ਕਰੀਏ ਕਿ ਹਰ ਬੱਚੇ ਦੀ ਮੁਸਕਾਨ ਸਾਡੇ ਸਮਾਜ ਦੀ ਤਾਕਤ ਬਣੇਗੀ।

# ਐਸ.ਡੀ.ਕਾਲਜ ਆਫ਼ ਐਜੂਕੇਸ਼ਨ ਦੇ ਵਿਦਿਆਰਥੀਆਂ ਵੱਲੋਂ ਬੀ.ਐੱਡ. ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ

"Equality and justice"
Patiala 14 November
INTERNATIONAL PAPER, 94636 01616
hardipchumber57@gmail.com



ਸੰਗਰੂਰ,13 ਨਵੰਬਰ (ਜਗਸੀਰ ਲੌਂਗੋਵਾਲ )- ਐਸ.ਡੀ. ਕਾਲਜ ਆਫ਼ ਐਜੂਕੇਸ਼ਨ, ਬਰਨਾਲਾ ਦੇ ਵਿਦਿਆਰਥੀਆਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਲਈਆਂ ਗਈਆਂ ਬੀ.ਐੱਡ. ਪ੍ਰੀਖਿਆਵਾਂ ਵਿੱਚ ਸ਼ਾਨਦਾਰ ਨਤੀਜੇ ਦੇ ਕੇ ਇੱਕ ਵਾਰ ਫਿਰ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ। ਸਮੈਸਟਰ ਦੂਜਾ ਦੇ ਨਤੀਜਿਆਂ ਵਿੱਚ, ਲਵਲੀਨ ਕੌਰ ਨੇ 87.20% ਅੰਕਾਂ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ, ਉਸ ਤੋਂ ਬਾਅਦ ਕੰਚਨ ਸ਼ਰਮਾ ਨੇ 85% ਅੰਕਾਂ ਨਾਲ ਦੂਜਾ ਸਥਾਨ ਪ੍ਰਾਪਤ ਕੀਤਾ, ਅਤੇ ਕੀਰਤੀ ਸ਼ਰਮਾ ਨੇ 84.80% ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਇਹ ਸ਼ਾਨਦਾਰ ਨਤੀਜੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਦੋਵਾਂ ਦੀ ਸਖ਼ਤ ਮਿਹਨਤ, ਵਚਨਬੱਧਤਾ ਅਤੇ ਸਮਰਪਣ ਦਾ ਪ੍ਰਮਾਣ ਹਨ। ਐਸ.ਡੀ. ਕਾਲਜ ਸੰਸਥਾਵਾਂ ਦੀ ਪ੍ਰਬੰਧਕ ਕਮੇਟੀ ਨੇ ਇਸ ਪ੍ਰਾਪਤੀ 'ਤੇ ਆਪਣੀਆਂ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ। ਪ੍ਰਧਾਨ ਸ਼੍ਰੀ ਨਰੇਸ਼ ਸਿੰਗਲਾ, ਜਨਰਲ ਸਕੱਤਰ ਸ਼੍ਰੀ ਜੇ.ਐਨ. ਸ਼ਰਮਾ, ਵਿੱਤ ਸਕੱਤਰ ਸ਼੍ਰੀ ਐਮ.ਐਲ. ਬਾਂਸਲ, ਡਾਇਰੈਕਟਰ ਸ਼੍ਰੀ ਐਚ.ਐਸ. ਅੱਤਰੀ, ਅਤੇ ਮੈਂਬਰ ਸ਼੍ਰੀ ਰਾਹੁਲ ਅੱਤਰੀ ਅਤੇ ਸ਼੍ਰੀ ਰਾਹੁਲ ਗਾਰਗੀ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸ਼ਲਾਘਾਯੋਗ ਪ੍ਰਦਰਸ਼ਨ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਉੱਤਮਤਾ ਲਈ ਯਤਨਸ਼ੀਲ ਰਹਿਣ ਲਈ ਉਤਸ਼ਾਹਿਤ ਕੀਤਾ। ਪ੍ਰਿੰਸੀਪਲ, ਡਾ. ਤਪਨ ਕੁਮਾਰ ਸਾਹੂ ਨੇ ਫੈਕਲਟੀ ਮੈਂਬਰਾਂ ਨੂੰ ਉਨ੍ਹਾਂ ਦੇ ਅਣਥੱਕ ਯਤਨਾਂ ਲਈ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਇੱਕ ਉੱਜਵਲ ਅਤੇ ਸਫਲ ਭਵਿੱਖ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ।

# ਆਵਾਜ਼ ਪ੍ਰਦੂਸ਼ਣ ਰੋਕੋ


"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 14 ਨਵੰਬਰ
INTERNATIONAL PAPER, 94636 01616
hardipchumber57@gmail.com

ਅੰਗਰੇਜ ਸਿੰਘ ਵਿੱਕੀ
ਪਿੰਡ ਤੇ ਡਾਕ ਕੋਟਗੁਰੂ
(ਬਠਿੰਡਾ

ਅੱਜ ਕੱਲ ਜਦੋਂ ਵੀ ਘਰ ਤੋਂ ਬਾਹਰ ਜਾਂਦੇ ਹਾਂ ਤਾਂ ਸਾਰੇ ਪਾਸੇ ਕੰਨ ਪਾੜਵੀਆਂ ਆਵਾਜ਼ਾਂ ਹੀ ਸੁਨਣ ਨੂੰ ਮਿਲਦੀਆਂ ਹਨ। ਜਿਸ ਦਾ ਸੱਭ ਤੋਂ ਵੱਧ ਬੁਰਾ ਅਸਰ ਬਜ਼ੁਰਗਾਂ, ਬੱਚਿਆਂ ਅਤੇ ਦਿਲ ਦੇ ਮਰੀਜਾਂ ਦੀ ਸਿਹਤ ਉੱਪਰ ਪੈਂਦਾ ਹੈ। ਇਸ ਸੋਰ ਪ੍ਰਦੂਸ਼ਣ ਦੀ ਬਦੌਲਤ ਵਿਦਿਆਰਥੀ ਵਰਗ ਦੀ ਪੜਾਈ ਦਾ ਤਾਂ ਬਹੁਤ ਹੀ ਜਿਆਦਾ ਨੁਕਸਾਨ ਹੁੰਦਾ ਹੈ। ਜਿਸ ਕਰਕੇ ਉਹਨਾਂ ਦਾ ਭਵਿੱਖ ਵੀ ਖਤਰੇ ਵਿੱਚ ਪੈ ਜਾਂਦਾ ਹੈ। ਜਿਆਦਾਤਰ ਧਾਰਮਿਕ ਸਥਾਨਾਂ ਤੇ ਵੀ ਉੱਚੀ ਅਵਾਜ਼ ਵਿੱਚ ਵੱਜਦੇ ਸਪੀਕਰ ਵੱਡੀ ਪੱਧਰ ਤੇ ਆਵਾਜ਼ ਪ੍ਰਦੂਸ਼ਣ ਫੈਲਾ ਰਹੇ ਹਨ। ਉੱਚੀ ਆਵਾਜ਼ ਵਿੱਚ ਵੱਜਦੇ ਸਪੀਕਰ ਤੇ ਪਰੈਸ਼ਰ ਹਾਰਨਾਂ ਕਰਕੇ ਵੀ ਬਹੁਤ ਜਿਆਦਾ ਸੋਰ ਪ੍ਰਦੂਸ਼ਣ ਵਧ ਰਿਹਾ ਹੈ। ਲੋੜ ਹੈ ਸਾਨੂੰ ਸਭ ਨੂੰ ਮਿਲ ਕੇ ਇਸ ਬੁਰਾਈ ਨੂੰ ਠੱਲ ਪਾਉਣ ਦੀ। ਤਾਂ ਕਿ ਇੱਕ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।

# ਆਸਟ੍ਰੇਲੀਆ 'ਚ ਡੁੱਬਣ ਕਾਰਨ ਬੱਚੇ ਦੀ ਮੌਤ

"Equality and justice"
Patiala 14 November
INTERNATIONAL PAPER, 94636 01616
hardipchumber57@gmail.com



ਆਸਟ੍ਰੇਲੀਆ ਤੋਂ ਇਕ ਦੁਖਦਾਈ ਖਬਰ ਸਾਹਮਣੇ ਆਈ ਹੈ ਜਿੱਥੇ ਬੱਚੇ ਦੀ ਡੁੱਬਣ ਕਾਰਨ ਮੌਤ ਹੋ ਗਈ। ਵਿਕਟੋਰੀਆ ਸ਼ਹਿਰ ਦੇ ਸ਼ੈਪਰਟਨ ਖੇਤਰ ਵਿਚ ਪਰਿਵਾਰ ਨਾਲ ਜਨਮ ਦਿਨ ਪਾਰਟੀ ਵਿਚ ਪਹੁੰਚਿਆ ਬੱਚੇ ਦੀ ਪੂਲ ਵਿਚ ਡੁੱਬਣ ਕਾਰਨ ਮੌਤ ਹੋ ਗਈ। ਮ੍ਰਿਤਕ ਬੱਚੇ ਦੀ ਪਹਿਚਾਣ 8 ਸਾਲਾ ਗੁਰਸ਼ਬਦ ਸਿੰਘ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੇ ਕਿ ਬੱਚਾ ਬਿਨਾਂ ਕਿਸੇ ਨੂੰ ਦੱਸੇ ਲੱਗਦੇ ਇਕ ਡਿਸਪਲੇ ਹੋਮ ਵੱਲ ਚਲਿਆ ਗਿਆ ਜੋ ਕਿ ਖਾਲੀ ਸੀ। ਉਥੇ ਬਣ ਸਵੀਮਿੰਗ ਪੂਲ ਵਿੱਚ ਡਿੱਗ ਗਿਆ। ਜਦੋਂ ਮਾਪਿਆਂ ਨੇ ਉਸਦੀ ਭਾਲ ਕਰਨੀ ਸ਼ੁਰੂ ਕੀਤੀ ਤਾਂ ਉਦੋਂ ਤੱਕ ਬੱਚਾ ਬੇਹੋਸ਼ ਹੋ ਚੁੱਕਿਆ ਸੀ। ਬੱਚੇ ਨੂੰ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਗਈ, ਬੱਚੇ ਦੀ ਮੌਤ ਹੋ ਗਈ। ਆਉਣ ਵਾਲੇ ਦਿਨਾਂ ਵਿਚ ਬੱਚੇ ਵੱਲੋਂ ਆਪਣਾ ਜਨਮ ਦਿਨ ਮਨਾਇਆ ਗਿਆ ਸੀ।

“इक्वालिटी एंड जस्टिस
“ पटियाला 14 नवंबर
INTERNATIONAL PAPER, 94636 01616
hardipchumber57@gmail.com

# हमारी आजादी की लड़ाई बाकी है- बाबा साहब

**बाबा साहेब कहते हैं**

**1935 के अधिनियमन लागू होने के बाद, भारतीय राष्ट्रीय कांग्रेस पार्टी ने 1937 में भारत के आधे राज्यों में सरकारें बनाईं और चतरवर्न के हिंदू लोगों ने 7 राज्यों के ब्राह्मण मुख्यमंत्री बनाए और मंत्री, विधायक और सांसद आदि भी बने। अब शासन, प्रशासन भारत चतरवर्न के लोगों के हाथों में था, फिर भी ये लोग खुद को अंग्रेजों का गुलाम मानते थे। 1947 में सत्ता परिवर्तन के बाद, अनुसूचित वर्ग के लोगों को लगभग वैसे ही समान अधिकार मिले जैसे कि ब्रिटिश शासन के दौरान चतरवर्न के हिंदुओं को थे। वर्तमान में अनुसूचित जाति के लोग मुख्यमंत्री, मंत्री, विधायक, सांसद बनते हैं, लेकिन वे अनुसूचित वर्ग के समाज के लोगों के समानता के अधिकारों को सुनिश्चित करवाने के लिए कुछ नहीं कर पा रहे।**

## जिलावार आंदोलनों से संगठन शक्ति कमजोर हो जाएगी

'जनता 4 मार्च 1939

26 फरवरी, 1939 की शाम को चेंबूर, मुंबई की अस्पृश्य



समाज संगठन संस्था की ओर से स्वतंत्र लेबर पार्टी के सचिव भाई डी.वी. प्रधान की अध्यक्षता में एक सभा का आयोजन किया गया था। उस समय स्वतंत्र लेबर पार्टी के मुंबई प्रांत एसेंब्ली के विधायक, मुंबई म्युनिसपालिटी में चुने गए प्रतिनिधि तथा विविध वृत्त के संपादक रामभ ऊ टटनीस हाजिर थे। डॉ. बाबासाहेब अम्बेडकर तालियों की गड़गड़ाहट में बोलने के लिए उठ कर खड़े हुए।

पहले उन्होंने चेंबूर के कामगारों का अभिनंदन किया कि उन्होंने बड़े प्रेम और आस्था के साथ इमारत फंड के लिए रुपया इक्ट्ठा किया। आगे उन्होंने कहा-

“इस फंड का क्या महत्व है यह मुझसे पहले जो बोले उन्होंने स्पष्ट किया है। इस फंड के लिए कम से कम दो लाख रुपए जोड़ना जरूरी है। अब तक जमा की गई रकम इस काम के लिए बेहद कम है। इस फंड के बारे में जब मेरे मन में ख्याल आया तब पहले मुझे आखिरी बाजीराव की दानशूरता की याद आई। उसने एक भिक्षुक को उसे संतोष होने तक उसके सिर पर रुपये उंडेल कर दान दिया था। यह पढ़ने के बाद मेरे मन में ख्याल आया कि कोई इस फंड में इस प्रकार दान देने के लिए तैयार हो तो चाहे जितने कष्ट झेल कर मैं अपने सिर पर रुपए गिरा लेने के लिए तैयार हूं। भिक्षुवृत्ति को स्वीकार किए बगैर इस इमारत फंड की पूर्ति होना संभव नहीं है। इसके बाद उन्होंने चेंबूर के अस्पृश्य कामगारों के 1926 से 1939 के दरमियान के जीवन की भयानकता का वर्णन किया। पुरानी गंदी बस्ती में इंसान और कचरे के बीच कभी भेदभाव दिखाई नहीं देता था। उसकी तुलना में इधर दस सालों में काफी संतोषजनक बदलाव दिखाई देता है। आज शिक्षा सुधार आदि मामलों के कारण अपने समाज में हुआ सुधार अभिनंदनीय है प्रशंसा योग्य है। बच्चों को आज से अधिक शिक्षा दिलाने के लिए कोशिशें करना जरूरी हैं। 10 साल पूर्व आपकी हालत में सुधार लाने के लिए कामगारों का संगठन नहीं था। म्युनिसिपालिटी में आपके अपने प्रतिनिधि नहीं थे। लेकिन पिछले चुनावों में म्युनिसपालिटी में अपनी स्वतंत्र लेबर पार्टी के पांच-छह प्रतिनिधि चुने गए हैं।

इस बार मैंने गणपत बुवा जाधव को चुनाव में खड़ा किया था। दुर्भाग्य से वह चुनाव हार गए। लेकिन मुझे यकीन है कि वह अपने कामगार बंधुओं की खातिर अपूर्व काम करते। अपने ही कुछ लोगों के विश्वासघात के कारण उन्हें असफलता का मुंह देखना पड़ा यह बात भी मैं कभी नहीं भुलूंगा। पिछले चुनावों में हुए खर्चे की भरपाई के लिए यहां के कामगारों ने उनके आज के काम को देखते हुए उन्हें सौ रुपयों की मदद देना स्वीकार किया है। इसलिए मैं सभी लोगों के प्रति आभार प्रकट करता हूं।

हमारे आंदोलन को सुसंगठित करने के लिए जो जिला स्तर पर आंदोलन चलाया जा रहा है उसे बंद करना होगा। इस प्रकार जिला स्तर पर काम करने से संगठनशक्ति कमजोर पड़ती है। स्पर्धा से काम किए जाने के कारण जिलों के बीच जलन, डाह पैदा होने का डर रहता है। आप सब एक होकर अपने पृथक मजदूर पक्ष की लड़ाई को सफल बनाइए। जिले की भावना छोड़िए। आज यही मेरा आपके लिए संदेश है।

इसके बाद समय की कमी के कारण श्री डी. वी. प्रधान का छोटा-सा भाषण हुआ । उसके बाद सभी मेहमानों को फूलमालाएं और गुलदस्ते अर्पण किए गए। जीओसी श्री धयालकर के नेतृत्व में समता सैनिक दल के द्वारा इस सभा का बेहतर व्यवस्थापन किया गया था।

## अंबेडकर: ज़िला आंदोलनों पर एकता

(इं. हरदीप सिंह चुंबर)

### कार्यकारी सारांश

यह दस्तावेज़ डॉ. बाबासाहेब आंबेडकर द्वारा 26 फ़रवरी, 1939 को चेंबूर, मुंबई में दिए गए एक महत्वपूर्ण भाषण के मुख्य विषयों और तर्कों का संश्लेषण करता है। इस भाषण का केंद्रीय और सबसे महत्वपूर्ण संदेश संगठनात्मक एकता की आवश्यकता था। डॉ. आंबेडकर ने ज़ोर देकर कहा कि ज़िला-स्तरीय आंदोलनों को रोकना अनिवार्य है, क्योंकि ये समग्र संगठनात्मक शक्ति को कमज़ोर करते हैं और आपसी प्रतिस्पर्धा के कारण ज़िलों के बीच ईर्ष्या और द्वेष पैदा करते हैं। उनका स्पष्ट आह्वान था कि सभी समर्थक एक “पृथक मज़दूर पार्टी” (स्वतंत्र मज़दूर पार्टी) के बैनर तले एकजुट हों और ज़िला-विरोधी भावनाओं का त्याग करें। इस मुख्य तर्क के अलावा, उन्होंने समाज की सामाजिक प्रगति, राजनीतिक प्रतिनिधित्व के महत्व और एक केंद्रीय भवन के लिए धन जुटाने की तत्काल आवश्यकता पर भी प्रकाश डाला।

### विस्तृत विश्लेषण

बैठक का संदर्भ

* दिनांक: 26 फ़रवरी, 1939 (शाम)
* स्थान: चेंबूर, मुंबई
* आयोजक: अस्पृश्य समाज संगठन संस्था
* अध्यक्ष: भाई डी.वी. प्रधान (स्वतंत्र मजदूर पार्टी के सचिव)
* मुख्य वक्ता: डॉ. बाबासाहेब आंबेडकर
* अन्य प्रमुख उपस्थित: रामभाऊ टाटनीस (विधायक और स्वतंत्र मजदूर पार्टी के संपादक)
* प्रबंधन: इस कार्यक्रम का प्रबंधन जीओसी श्री धियालकर के नेतृत्व में समता सैनिक दल द्वारा किया गया था।

### डॉ. आंबेडकर के भाषण के मुख्य विषय

डॉ. आंबेडकर के भाषण को तीन मुख्य विषयों में विभाजित किया जा सकता है: संगठनात्मक एकता, धन उगाहना और सामाजिक-राजनीतिक प्रगति।

### 1. संगठनात्मक एकता और जिला-स्तरीय आंदोलन

यह उनके भाषण का सबसे महत्वपूर्ण और सीधा संदेश था। उन्होंने आंदोलन को मज़बूत करने के लिए एक केंद्रीकृत ढाँचे की वकालत की।

* सीधा आह्वान: उन्होंने स्पष्ट रूप से कहा, “हमारे आंदोलन को सुचारू रूप से चलाने के लिए, ज़िला स्तर पर चल रहे आंदोलन को रोकना होगा।”
* तर्क: उन्होंने इस आह्वान के पीछे दो मुख्य कारण बताए:
* कमज़ोर होती ताकत: “ज़िला स्तर पर इस तरह काम करने से संगठनात्मक ताकत कमज़ोर होती है।”
* आंतरिक विभाजन का ख़तरा: “प्रतिस्पर्धी कार्यों के कारण ज़िलों के बीच ईर्ष्या और द्वेष पैदा होने का डर है।”
* अंतिम संदेश: उन्होंने अपने भाषण का समापन यह कहकर किया, “आप सभी एकजुट होकर अपनी अलग मज़दूर पार्टी (पृथक मज़दूर दल) के लिए संघर्ष को सफल बनाएँ। ज़िले की भावना को पीछे छोड़ दें। यही मेरा आज आपके लिए संदेश है।”

### 2. निधि का निर्माण और संसाधन जुटाना

डॉ. आंबेडकर ने आंदोलन के लिए एक भौतिक बुनियादी ढाँचे की आवश्यकता पर बल दिया और इसके लिए धन जुटाने की अपील की।

* लक्ष्य: उन्होंने कहा कि “इस निधि के लिए कम से कम दो लाख रुपये जुटाना आवश्यक है।”
* व्यक्तिगत प्रतिबद्धता: अपनी प्रतिबद्धता को स्पष्ट करने के लिए, उन्होंने अंतिम बाजीराव की कहानी का हवाला दिया, जिन्होंने एक भिखारी के सिर पर तब तक धन बरसाया जब तक वह संतुष्ट नहीं हो गया। डॉ. आंबेडकर ने कहा, “मैं जितना चाहूँ उतना कष्ट सहने और अपने सिर पर धन बरसवाने के लिए तैयार हूँ।”
* धन-संग्रह की रणनीति: उन्होंने स्पष्ट रूप से कहा कि इस महान लक्ष्य को प्राप्त करने के लिए विनम्रता और समर्पण की आवश्यकता है: “भिक्षुवृत्ति स्वीकार किए बिना इस भवन निधि को पूरा करना संभव नहीं है।”
* स्थानीय योगदान की सराहना: उन्होंने अपने भाषण की शुरुआत चेंबूर के उन कार्यकर्ताओं की प्रशंसा से की जिन्होंने “बड़े प्रेम और विश्वास के साथ भवन निधि के लिए धन एकत्र किया।”

### 3. सामाजिक प्रगति और राजनीतिक प्रतिनिधित्व

उन्होंने पिछले दशक में समाज द्वारा की गई प्रगति का आकलन किया और भविष्य के लिए दिशा-निर्देश दिए।

* भूतकाल (1926-1939): उन्होंने 1926 और 1939 के बीच चेंबूर के अछूत मज़दूरों के “भयावह” जीवन का वर्णन किया। उन्होंने कहा कि पुरानी बस्ती में “आदमी और कमीने के बीच कभी कोई भेद नहीं था।”
* वर्तमान सुधार: उन्होंने पिछले दस वर्षों में हुए “काफी संतोषजनक बदलावों” को स्वीकार किया। उन्होंने कहा कि “शैक्षणिक सुधारों आदि के कारण हमारे समाज में जो सुधार हुआ है, वह सराहनीय है।”
* शिक्षा पर ज़ोर: उन्होंने भविष्य के लिए शिक्षा के महत्व पर प्रकाश डालते हुए कहा, “बच्चों को आज की तुलना में अधिक शिक्षा प्रदान करने के प्रयास करना आवश्यक है।”

*** राजनीतिक लाभ:**

* उन्होंने स्थिति की तुलना दस साल पहले से की, जब मज़दूरों का कोई संगठन नहीं था और नगरपालिका में उनका कोई प्रतिनिधित्व नहीं था।
* वर्तमान में, नगरपालिका में इंडिपेंडेंट लेबर पार्टी के “पाँच या छह प्रतिनिधि” चुने गए हैं।

*** एक चुनावी हार का विश्लेषण:**

* उन्होंने गणपत बुवा जाधव का ज़िक्र किया, जो दुर्भाग्य से चुनाव हार गए।
* उन्होंने जाधव की क्षमताओं पर भरोसा जताया और अपनी हार का कारण “अपने ही कुछ लोगों के विश्वासघात” को बताया, और कहा कि “मैं इसे भी कभी नहीं भूलूँगा।”
* उन्होंने जाधव को उनके चुनावी खर्च के लिए “सौ रुपये की मदद” देने के लिए स्थानीय कार्यकर्ताओं का आभार व्यक्त किया।

## वर्धा यूनिवर्सिटी में 10 दलित-ओबीसी छात्र हॉस्टल से निष्कासित: कसूर - JNUSU में वाम जीत का जश्न मनाकर लगाये थे 'सॉरी सॉरी सावरकर' और मोदी विरोधी नारे!

**प्रकरण की जाँच के लिये समिति गठित लेकिन रिपोर्ट आने से पहले से दे दी पुलिस को शिकायत, होस्टल भी खाली करवाया**

“इक्वालिटी एंड जस्टिस
“ पटियाला 14 नवंबर
INTERNATIONAL PAPER, 94636 01616
hardipchumber57@gmail.com

वर्धा, महाराष्ट्र - महात्मा गांधी अंतरराष्ट्रीय हिंदी विश्वविद्यालय (MGAHV), वर्धा में JNUSU चुनावों में वामपंथी दलों की जीत का जश्न मनाने वाले 10 छात्रों को हॉस्टल से 14 दिनों के लिए निलंबित कर दिया गया। ये स्टूडेंट्स दलित और ओबीसी समुदायों के हैं, यह कार्रवाई 6 नवंबर की रात को कैंपस में छात्रों द्वारा ख़ुशी अभिव्यक्त करने के जश्न के दौरान लगाए गए नारों को लेकर की गई है, जिन्हें विश्वविद्यालय प्रशासन ने 'महापुरुषों की गरिमा का हनन' बताया है।

छात्रों का कहना है कि यह उनके लोकतांत्रिक अधिकारों का उल्लंघन है, जबकि प्रशासन ने शांतिपूर्ण अकादमिक माहौल बिगाड़ने का आरोप लगाया है। इतना ही नहीं विवि प्रशासन ने इन स्टूडेंट्स के विरुद्ध पुलिस में शिकायत भी की है जिससे छात्र वर्ग स्तब्ध है।

### क्या हुआ था 6 नवंबर की रात?

पीड़ित छात्रों में एक धनंजय सिंह जो विवि के एनएसयुआई के अध्यक्ष भी हैं, ने द मूकनायक को बताया कि जश्न का कोई पूर्वानुमानित प्लान नहीं था, बल्कि मेस से खाना खाने के बाद सहज ही ख़ुशी जाहिर करते हुए उत्साह में नारे लगाते हुए मुख्य द्वार तक पहुंचे थे। उन्होने कहा, “ हम नारे लगाते हुए एक ब्लॉक से दूसरे ब्लॉक पैदल चलते गये, ना कोई शोर शराबा ना किसी की शिकायत थी,किसी ने हमें नहीं रोका, ना कोई डिस्टर्बेंस की ही बात की, लेकिन ABVP समर्थकों ने वीडियो बनाकर शिकायत की।” जानकारों का कहना है छात्रों ने “सॉरी सॉरी — सावरकर” , “आरएसएस का छोटा बंदर — बाल नरेंद्र-बाल नरेंद्र” जैसे नारे लगाये जिससे ABVP समर्थक क्रोधित हुए और शिकायत की गई।

विश्वविद्यालय के प्रॉक्टर डॉ. राकेश कुमार मिश्र ने इसपर 'अनधिकृत जमावड़ा' और 'महापुरुषों का अपमान' करार देते हुए 6 छात्रों को अगले दिन शो कॉज नोटिस जारी किया जबकि 9 नवंबर को थाने में शिकायत दर्ज कराई गई। एक पीड़ित छात्र राकेश अहिरवार ने बताया कि उसने नोटिस मिलने पर जवाब भी दिया जिसमें लिखा कि नोटिस जारी करने का आधार अस्पष्ट एवं आधारहीन है। राकेश ने कहा, “ हमने न तो किसी महापुरुष का

खबर का शेष भाग अगे पेज पर

# टाइम्स स्क्वायर बिलबोर्ड पर CJI गवई को ‘एंटी-हिंदू’ क्यों ठहराया? सुप्रीम कोर्ट की एक टिप्पणी कैसे बनी वैश्विक विवाद

## ‘स्टॉप हिंदू जेनोसाइड’ कैंपेन- “विष्णु भगवान से माफी मांगो वरना इस्तीफा दो!

“इक्वालिटी एंड जस्टिस
“ पटियाला 14 नवंबर
INTERNATIONAL PAPER, 94636 01616
hardipchumber57@gmail.com

न्यूयॉर्क के मशहूर टाइम्स स्क्वायर में है एनआरआई (विदेश में बसे भारतीयों) द्वारा चलाया जा रहा एक कैंपेन सुर्ख़ियों में हैं जो सोशल मीडिया पर छा गया है।’स्टॉप हिंदू जेनोसाइड’ नाम से एक हिंदूवादी एनआरआई ग्रुप ने भारत के मुख्य न्यायाधीश (सीजेआई) बी.आर. गवई के पोस्टर लगाए हैं, जिनमें उनके सिर पर जूता फेंकने का अपमानजनक चित्र दिखाया गया है। ग्रुप सीजेआई से भगवान विष्णु के ‘अपमान’ के लिए माफी मांगने की डिमांड कर रहे हैं। ये मुहिम 8 नवंबर से शुरू हुई और 12 नवंबर तक चलेगी।

इस कैंपेन को लेकर सोशल मीडिया में बहस तेज हो गयी है, सोशल मीडिया पर लोग बंट गए हैं, कोई समर्थन कर रहा है तो कोई घृणा फैलाने का इल्जाम लगा रहा है। बहुजन विचारधारा से जुड़े लोग मानते हैं की ये सिर्फ एक प्रोटेस्ट नहीं है बल्कि जातिवाद का एक रूप है, न्यूयॉर्क के मेयर एरिक एडम्स पर भी दबाव बन रहा है कि ये पोस्टर हटा दें।

टाइम्स स्क्वायर बिलबोर्ड विवाद ने दुनिया भर के बौद्ध और बहुजन एक्टिविस्ट्स में तीव्र आक्रोश पैदा कर दिया है, जो दलित मुख्य न्यायाधीश बी.आर. गवई के जूता-फेंक अपमान को विदेशी धरती पर बहुजन पहचान पर खुला हमला मानते हैं।

### क्या है पूरा मामला? यूँ हुई विवाद की शुरुआत

यह विवाद सुप्रीम कोर्ट की 16 सितंबर की सुनवाई से जुड़ा है। मध्य प्रदेश के यूनेस्को सूचीबद्ध खजुराहो मंदिर परिसर में 2023 की एक घटना में क्षतिग्रस्त सात फुट ऊंची भगवान विष्णु की मूर्ति को बहाल करने की याचिका पर सुनवाई हो रही थी। बेंच की अध्यक्षता कर रहे सीजेआई गवई ने याचिकाकर्ता से कहा, “इसमें अदालत को क्यों घसीट रहे हो? देवता से ही प्रार्थना कर लो।” बेंच ने याचिका को गैर-न्यायोचित बताते हुए खारिज कर दिया और आगे की समीक्षा के लिए दिसंबर तक स्थगित कर दिया।




एनआरआई ग्रुप ने भारत के मुख्य न्यायाधीश (सीजेआई) बी.आर. गवई के पोस्टर लगाए हैं, जिनमें उनके सिर पर जूता फेंकने का अपमानजनक चित्र दिखाया गया है।सोशल मीडिया

सीजेआई गवई की इस टिप्पणी से कुछ हिंदुवादी समूह नाराज हुए। कुछ लोगों ने इसे आस्था पर व्यंग्य माना और इसे पवित्र अनुष्ठानों को अंधविश्वास बताने वाली अपमानजनक टिप्पणी के तौर पर लिया गया ।

इस घटना से नाराज होकर एक वकील ने सीजेआई पर जूता उछालने की भी हिमाकत की थी, घटना 6 अक्टूबर को सीजेआई की अगुवाई वाली पीठ की सुनवाई के दौरान घटी थी। 71 वर्षीय एक वकील राकेश किशोर ने अचानक मंच की ओर बढ़कर अपना जूता निकाला और न्यायाधीशों की ओर फेंकने का प्रयास किया, जिसे सुरक्षाकर्मियों ने विफल कर दिया।

घटना के बाद, राकेश किशोर ने न केवल अपने कृत्य पर पश्चाताप जताया, बल्कि उसे सही ठहराने का प्रयास किया। उन्होंने मीडिया को दिए बयानों में दावा किया कि वह एक धार्मिक मामले की सुनवाई के दौरान सीजेआई की टिप्पणियों से “गहरा आहत” थे। उन्होंने यहां तक कहा, “अगर भगवान ने फिर बुलाया, तो मैं यह फिर से करूंगा”।

सीजेआई गवई की इस टिप्पणी को लेकर ना केवल भारत में विरोध प्रदर्शन हुए बल्कि विदेश में रहने वाले हिन्दूवादी लोगों को भी यह अखरी और इसी कड़ी में ‘स्टॉप हिंदू जेनोसाइड’ मुहिम के समर्थकों ने गुस्से में कहा “यह सिर्फ एक टिप्पणी नहीं, हमारे देवताओं और विरासत का अपमान है”।

कुछ एनआरआई ग्रुप ने इसे बड़ा मुद्दा बना दिया। ये लोग अमेरिका में बसे भारतीय हैं, जो अपनी संस्कृति से गहराई से जुड़े हैं। इनके मुताबिक गवई की ये टिप्पणी उनके आस्था पर हमला थी। प्रदर्शन और विरोध जताने के लिए टाइम्स स्क्वायर चुना क्योंकि यहां टूरिस्ट, लोकल्स सब मिलकर रोज 3 लाख से ज्यादा लोग आते हैं, यह ग्लोबल एडवर्टाइजमेंट का केंद्र है और यहाँ बिलबोर्ड्स जैसे कोका-कोला के ऐड्स, एमटीवी कैंपेन आदि विज्ञापन वायरल हो जाते हैं। ग्रुप ने अपनी नाराज़गी जाहिर करने के लिए यह जगह चुनी ताकि दुनिया भर में यह जाहिर हो।

इसीलिए ‘स्टॉप हिंदू जेनोसाइड’ कैंपेन/ समूह ने होर्डिंग लगाए जिनमें से एक में भारत के मुख्य न्यायाधीश बी.आर. गवई के चेहरे पर जूता प्रदर्शित किया गया था और उनसे भगवान विष्णु का मज़ाक उड़ाने के लिए माफ़ी मांगने को कहा गया था। वे चाहते हैं कि पूरी दुनिया उनके गुस्से को देखे और अदालती कारवाई को एक बड़े वैश्विक मुद्दे में बदल दे, जिससे विदेशों में बिखरे हिंदू भी उनके पक्ष में आ जाएँ।

बिलबोर्ड्स पर सिर्फ सीजेआई गवई नहीं, पूर्व सीजेआई डी.वाई. चंद्रचूड़, यू.यू. ललित जैसे जजों को भी निशाना बनाया। कहा गया कि उनके फैसले हिंदू विरोधी हैं। ग्रुप की वेबसाइट पर पत्र है: “हिंदू विश्वास का अपमान बंद करो।”

एक्स और इन्सटाग्राम आदि सोशल मीडिया प्लेटफार्म इस मुहिम का कोलोसियम बन गया है, जहां #एपोलोजाइज टू विष्णु जैसे हैशटैग से पोस्ट हो रहे हैं। एक समर्थक @ अविनाशकेएस14 ने बिलबोर्ड्स की फोटोज पोस्ट कीं और लिखा: “ग्लोबल हिंदू डायस्पोरा ने न्यूयॉर्क के मशहूर टाइम्स स्क्वायर पर भारत के एंटी-हिंदू सीजेआई बी.आर. गवई और जजों को एक्सपोज किया, साथ ही विशाल टाइम्स स्क्वायर बिलबोर्ड पर उनके सिर पर जूता फेंकने का चित्र दिखाया, जो हिंदुओं से माफी मांगने और इस्तीफा देने की मांग कर रहा है।”

@मेघअपडेट्स ने इसपर लिखा: “प्रोटेस्ट ब्रेकआउट... भगवान विष्णु से माफी की कॉल।” उनके लिए ये सशक्तिकरण है: “एनआरआई आखिरकार एलीट बायस के खिलाफ बोल पड़े,” जैसा एक यूजर ने कहा। एक और समर्थक ने लिखा: “जब आस्था का अपमान हो, चुप्पी विकल्प नहीं। टाइम्स स्क्वायर की आवाजें सहिष्णुता में विश्वास करने वाली सभ्यता का गौरव दर्शाती हैं, लेकिन अपनी गरिमा या देवताओं की कीमत पर कभी नहीं।”

टाइम्स स्क्वायर बिलबोर्ड विवाद ने दुनिया भर के बौद्ध और बहुजन एक्टिविस्ट्स में तीव्र आक्रोश पैदा कर दिया है, जो दलित मुख्य न्यायाधीश बी.आर. गवई के जूता-फेंक अपमान को विदेशी धरती पर बहुजन पहचान पर खुला हमला मानते हैं। बहुजन विद्वान इसे सिर्फ एक व्यक्ति का अपमान नहीं, बल्कि अंबेडकर की विरासत पर वैश्विक थप्पड़ बताते हैं। सोशल मीडिया भी पूरी तरह बंट गया है, एक तरफ हिंदू गौरव के नारे, दूसरी तरफ घृणा और जातिवाद के आरोप, और रार लगातार चल रही है, जो डायस्पोरा की एकजुटता पर सवाल खड़े कर रही है।

# महिला वकील ने लगाया ‘विवाह के झूठे वादे’ पर रेप का आरोप, मद्रास हाईकोर्ट ने कहा- सहमति से बनाया सम्बन्ध अपराध नहीं!

## पांच साल तक चले सहमतिपूर्ण संबंधों के बाद अवहेलना का मामला दर्ज करना कानून की प्रक्रिया का दुरुपयोग: जस्टिस बी. पुगलेंधी

“इक्वालिटी एंड जस्टिस
“ पटियाला 14 नवंबर
INTERNATIONAL PAPER, 94636 01616
hardipchumber57@gmail.com

मदुरै- मद्रास उच्च न्यायालय की मदुराई पीठ ने एक महत्वपूर्ण फैसले में कहा है कि भले ही बाद में रिश्ता टूट जाए लेकिन दो वयस्कों के बीच सहमति से बने शारीरिक संबंधों को अपराध का रंग नहीं दिया जा सकता। जस्टिस बी. पुगलेंधी की खंडपीठ ने ‘विवाह के झूठे वादे’ के आधार पर चल रहे एक आपराधिक मामले को रद्द करते हुए यह टिप्पणी की।

यह मामला डिंडीगल की एक महिला वकील और सार्वनन नामक एक व्यक्ति के बीच के रिश्ते से जुड़ा था। महिला ने आरोप लगाया था कि सार्वनन ने उनसे शादी का झूठा वादा करके 2020 से 2025 तक उनके साथ शारीरिक संबंध बनाए और बाद में जातिगत अंतर का हवाला देकर शादी से इनकार कर दिया। इस पर डिंडीगल पुलिस ने भारतीय न्याय संहिता (BNS) की धारा 69 (झूठा विवाह का वादा) और धारा 351(2) (आपराधिक धमकी) के तहत मामला दर्ज किया था।

अदालत ने आरोपी सार्वनन की याचिका पर सुनवाई करते हुए इस मामले में चल रही कार्यवाही को रद्द कर दिया। कोर्ट ने कहा कि मामले के तथ्य और सुप्रीम कोर्ट के पूर्व के फैसलों को देखते हुए, यहां आपराधिक दायित्व तय नहीं होता।



जस्टिस पुगलेंधी ने अपने फैसले में सुप्रीम कोर्ट के कई महत्वपूर्ण निर्णयों का हवाला दिया। उन्होंने दीपक गुलाटी बनाम हरियाणा राज्य मामले का उल्लेख करते हुए कहा, “जब तक यह साबित न हो कि शुरुआत से ही धोखा देने का इरादा था, तब तक बाद में शादी न करना आपराधिक दायित्व नहीं बनता।” कोर्ट ने कहा कि केवल वादा भंग होना और झूठा वादा करना, दोनों में अंतर है।

इसी तरह, माहेश दामू खरे बनाम महाराष्ट्र राज्य के मामले में सुप्रीम कोर्ट की टिप्पणी को उद्धृत करते हुए कहा गया, “जब शारीरिक संबंध लंबे समय तक बिना किसी आपत्ति के जारी रहते हैं, तो यह कहना असंगत हो जाता है कि सहमति धोखे के आधार पर थी। ऐसे लंबे समय तक चलने वाले रिश्ते आपराधिक दायित्व को कमजोर कर देते हैं।”

अदालत ने अमोल भगवान नेहुल और बिश्वज्योति चटर्जी के मामलों का भी हवाला देते हुए स्पष्ट किया कि सहमति से शुरू हुए रिश्ते के बाद में बिगड़ जाने पर उसे आपराधिक रूप नहीं दिया जा सकता। कोर्ट ने कहा कि ऐसे मामलों में कानूनी कार्रवाई करना कानूनी प्रक्रिया का दुरुपयोग है।

महिला वकील होने के नाते पीड़िता की शैक्षणिक पृष्ठभूमि पर प्रकाश डालते हुए अदालत ने कहा कि वह एक शिक्षित वयस्क और कानून की जानकार हैं, जो अपने कार्यों के परिणामों को समझने में सक्षम थीं। ऐसे में, उनके स्वेच्छा से बने रिश्ते को अब धोखा नहीं कहा जा सकता।

अदालत ने समकालीन सामाजिक वास्तविकताओं को स्वीकार करते हुए एक महत्वपूर्ण टिप्पणी की। कोर्ट ने कहा, “आज के समय में सहमति रखने वाले वयस्कों के बीच विवाहपूर्व घनिष्ठता के मामले असामान्य नहीं हैं। आपराधिक प्रक्रिया का इस्तेमाल निजी आचरण पर नैतिकता का पाठ पढ़ाने या व्यक्तिगत निराशा को मुकदमेबाजी में बदलने के लिए नहीं किया जा सकता। अदालतें कानूनीता से निपटती हैं, नैतिकता से नहीं।”

अदालत ने चिंता जताई कि हाल के दिनों में इस तरह की शिकायतों में वृद्धि देखी गई है, जहाँ स्वेच्छा से बने रिश्तों को बाद में धोखे के मामले के रूप में पेश किया जाता है। कोर्ट ने कहा कि निजी रिश्तों के विवादों में आपराधिक प्रक्रिया को लागू करने की बढ़ती प्रवृत्ति पर अंकुश लगाना जरूरी है।

आखिरकार अदालत ने फैसला सुनाया कि इस मामले में अभियोजन जारी रखना कानून की प्रक्रिया के दुरुपयोग के समान होगा। इसके साथ ही डिंडीगल के जुडिशल मजिस्ट्रेट की अदालत में लंबित PRC No.75 of 2025 को रद्द कर दिया गया।

### खबर का शेष भाग

अपमान किया है, न किसी प्रकार की अपमानजनक नारेबाजी की है. और न ही किसी प्रकार का जमावड़ा किया है, जमावड़ा शब्द गलत है क्योंकि हम कुछ ही चलते फिरते साथी माामिल थे।”

राकेश ने आगे बताया कि हम सभी स्टूडेंट्स का सदैव यह प्रयास रहा है कि विश्वविद्यालय परिसर में अध्ययन-अध्यापन का उचित और शांतिपूर्ण वातावरण बना रहे। साथ ही, हमारे कुछ जनतांत्रिक अधिकार भी है, जो हमें महात्मा गांधी की विरासत से प्राप्त हुए हैं, जिनके नाम पर इस विश्वविद्यालय की स्थापना की गई है। और हम सभी उन्हीं के आदर्शों पर चलने वाले छात्र हैं।”

छात्रों के जवाबी पत्र को नजरअंदाज करते हुए विश्वविद्यालय प्रशासन ने त्वरित कार्रवाई की। डॉ. राकेश कुमार मिश्र ने 10 छात्रों को तत्काल प्रभाव से 14 दिनों के लिए छात्रावास से निलंबित घोषित कर दिया। आदेश में कहा गया: “ दिनांक 06 नवंबर, 2025 की रात्रि को छात्रावास परिसर में जुलूस निकालकर महापुरूषों की गरिमा हनन से संबंधित नारे लगाकर विश्वविद्यालय के शांतिपूर्ण एवं अकादमिक माहौल को प्रभावित करने में प्राथमिक तौर पर संलिप्त पाये जाने के कारण अध्यादेश क्रमांक 12.2 के बिंदु 06 के प्रावधान के तहत निम्नलिखित विद्यार्थियों को तत्काल प्रभाव से 14 दिनों के लिए (दिनांक 25.11.2025 तक) छात्रावास से निलंबित किया जाता है।”

निलंबित छात्रों को सख्त निर्देश दिए गए हैं कि वे इस अवधि में कैंपस में प्रवेश न करें, अनुशासन का पालन करें और जाँच में सहयोग दें। साथ ही पूरे प्रकरण की जाँच के लिए एक समिति गठित की गई है, जो घटना की गहन पड़ताल करेगी। छात्रों ने बताया कि विवि की शिकायत पर पुलिस स्टेशन से कॉल भी किया गया जिसपर सभी छात्र थाने भी गए, अभी FIR दर्ज नहीं हुई है।

### विवि द्वारा पुलिस को दी शिकायत

निलंबित छात्रों ने हॉस्टल खाली कर लिया है और अस्थायी व्यवस्था के लिए परेशान हैं। जाँच समिति की पहली बैठक 12 नवम्बर शाम 4:30 बजे हुई है, फिर भी बिना जांच रिपोर्ट के होस्टल से निकलने और पुलिस शिकायत को छात्र ‘हैरासमेंट’ बता रहे हैं।

निलंबित 10 छात्र राजगुरु, चंद्रशेखर आजाद और सुखदेव छात्रावासों से जुड़े हैं जिनके नाम धनंजय सिंह (एम.ए. समाज कार्य) , अश्विनी सोनकर (बी.ए.एल.एल.बी. ऑनर्स) कौशल कुमार (बी.ए.एल.एल.बी. ऑनर्स) बृजेश सोनकर (बी.ए.एल.एल.बी. ऑनर्स), कर्णवीर सिंह (बी.एड. एम.एड. एकीकृत), राकेश अहिरवार (चार वर्षीय स्नातक जापानी), धर्मेंद्र कुमार (चार वर्षीय स्नातक जापानी), मनीष चौधरी (एम.एस.डब्ल्यू), सत्येंद्र राय (बी.ए.एल.एल.बी. ऑनर्स) और अभिजीत कुमार (चार वर्षीय स्नातक राजनीति विज्ञान) हैं।

गांधी हिल्स के इस शांतिपूर्ण कैंपस में अब राजनीतिक ध्रुवीकरण और प्रशासनिक दमन की बहस छिड़ गई है। छात्रों का कहना है कि इस विश्वविद्यालय में रोज आरएसएस की शाखा लगती है। अन्य राजनीतिक विचारधाराओं वाले स्टूडेंट्स का इसी तरह से दमन किया जाता है। बताया गया कि इस यूनिवर्सिटी में छात्रसंघ चुनाव नहीं होते हैं लेकिन छात्र हितों का ध्यान रखने के लिए सभी छात्र संगठन जैसे AISA, AISF, NSUI और अम्बेडकराइट संगठन सक्रिय हैं और इस मुद्दे पर पीड़ित छात्रों के साथ सहानुभूति रखते हैं।

द मूकनायक ने प्रॉक्टर डॉ. राकेश कुमार मिश्र और कुलपति कुमुद शर्मा को मेसेज भेजकर इस मामले में विवि प्रशासन का पक्ष जानने का प्रयास किया लेकिन खबर लिखे जाने तक दोनों की ओर से कोई जवाब प्राप्त नहीं हुआ